@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 26 March 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 26 ਮਾਰਚ 2025, 12 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 134, qpatrika@gmail.com ਫੋਨ : 9971359517 www.qaumipatrika.org

ਮੁੱਖ ਮੰਤਰੀ ਰੇਖਾ ਗੁਪਤਾ ਨੇ ਦਿੱਲੀ 'ਚ 1 ਲੱਖ ਕਰੋੜ ਦਾ ਬਜਟ ਕੀਤਾ ਪੇਸ਼

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 25 ਮਾਰਚ। ਦਿੱਲੀ ਦੀ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਰੇਖਾ ਗੁਪਤਾ ਨੇ ਵਿੱਤੀ ਸਾਲ 2025-26 ਲਈ ਇਕ ਲੱਖ ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ। ਜੋ ਕਿ ਪਿਛਲੇ ਵਿੱਤੀ ਸਾਲ 2024-25 ਦੇ ਬਜਟ ਦੀ ਤੁਲਨਾ 'ਚ 31.5 ਫ਼ੀਸਦੀ ਵੱਧ ਹੈ। ਰੇਖਾ ਗੁਪਤਾ ਨੇ ਇਸ ਨੂੰ ਇਤਿਹਾਸਕ ਬਜਟ ਕਰਾਰ ਦਿੱਤਾ ਅਤੇ ਕਿਹਾ ਕਿ ਭ੍ਰਿਸ਼ਟਾਚਾਰ ਅਤੇ ਅਸਮਰੱਥਾ ਦਾ ਦੌਰ ਹੁਣ ਖ਼ਤਮ ਹੋ ਗਿਆ ਹੈ। ਬਜਟ ਵਿਚ ਬਿਜਲੀ, ਸੜਕ, ਪਾਣੀ ਅਤੇ ਸੰਪਰਕ ਸਮੇਤ 10 ਪ੍ਰਮੁੱਖ ਖੇਤਰਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਬਜਟ 'ਚ ਕੀਤੇ ਗਏ ਵੱਡੇ ਐਲਾਨ- ਬਜਟ 'ਚ 'ਮਹਿਲਾ ਸਮਰਿਧੀ ਯੋਜਨਾ' ਲਈ 5100 ਕਰੋੜ ਰੁਪਏ ਦੀ ਵਿਵਸਥਾ ਕੀਤੀ ਹੈ। ਇਸ ਜ਼ਰੀਏ ਦਿੱਲੀ ਦੀਆਂ ਔਰਤਾਂ ਨੂੰ ਹਰ ਮਹੀਨੇ 2500 ਰੁਪਏ ਦਿੱਤੇ ਜਾਣਗੇ। ਰੇਖਾ ਗੁਪਤਾ ਨੇ 'ਮਾਤ੍ਰਿਤਵ ਵੰਦਨ ਪ੍ਰਾਜੈਕਟ' ਲਈ 210 ਕਰੋੜ ਰੁਪਏ ਦੀ ਵਿਵਸਥਾ। ਇਸ ਯੋਜਨਾ ਤਹਿਤ ਗਰਭਵਤੀ ਔਰਤਾਂ ਨੂੰ 21,000 ਰੁਪਏ ਦੀ ਇਕਮੁਸ਼ਤ ਰਾਸ਼ੀ ਦਿੱਤੀ ਜਾਵੇਗੀ। ਔਰਤਾਂ ਦੀ ਸੁਰੱਖਿਆ ਲਈ ਦਿੱਲੀ ਵਿੱਚ 50,000 ਸੀਸੀਟੀਵੀ ਕੈਮਰੇ ਲਗਾਏ ਜਾਣਗੇ। 10ਵੀਂ ਜਮਾਤ ਪਾਸ ਕਰਨ ਵਾਲੇ 1,200 ਵਿਦਿਆਰਥੀਆਂ ਨੂੰ ਮੁਫ਼ਤ ਲੈਪਟਾਪ ਦੇਵੇਗੀ, ਵਿੱਤ ਸਾਲ 2025-26 ਦੇ ਬਜਟ 'ਚ ਇਸ ਲਈ 750 ਕਰੋੜ

ਰੁਪਏ ਅਲਾਟ ਕੀਤੇ ਗਏ। ਯਮੁਨਾ ਅਤੇ ਸੀਵਰੇਜ ਦੀ ਸਫਾਈ ਲਈ 9 ਹਜ਼ਾਰ ਕਰੋੜ ਰੁਪਏ ਦਾ ਬਜਟ ਹੈ। ਦਿੱਲੀ-ਬਿਹਤਰ ਟਰਾਂਸਪੋਰਟ ਸੰਪਰਕ ਲਈ 1,000 ਕਰੋੜ ਰੁਪਏ ਦਾ ਪ੍ਰਸਤਾਵ। ਪ੍ਰਧਾਨ ਮੰਤਰੀ ਜਨ ਆਰੋਗਿਆ ਯੋਜਨਾ ਲਈ 2,144 ਕਰੋੜ ਰੁਪਏ ਅਲਾਟ ਕੀਤੇ ਗਏ। ਇਸ ਤਹਿਤ ਦਿੱਲੀ ਵਿਚ ਪਾਤਰ ਲੋਕਾਂ ਨੂੰ 10 ਲੱਖ ਰੁਪਏ ਦਾ ਹੈਲਥ ਬੀਮਾ ਕਵਰੇਜ ਮਿਲੇਗਾ। ਬਜਟ ਵਿਚ ਪੀਐੱਮ ਆਵਾਸ ਯੋਜਨਾ ਲਈ 20 ਕਰੋੜ ਰੁਪਏ ਅਲਾਟ ਕੀਤੇ ਗਏ। ਸਰਕਾਰ 100 ਥਾਵਾਂ 'ਤੇ ਅਟਲ ਕੰਟੀਨ ਖੋਲ੍ਹੇਗੀ, ਜਿਸ ਲਈ 100 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਬਜਟ 'ਚ ਬੁਨਿਆਦੀ ਢਾਂਚੇ ਲਈ ਸਰਕਾਰ ਵਲੋਂ 1 ਹਜ਼ਾਰ ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਦਿੱਲੀ ਦੇ ਬੁਨਿਆਂਦੀ ਢਾਂਚੇ ਨੂੰ ਸਾਡੀ ਸਰਕਾਰ ਮਜ਼ਬੂਤ ਕਰੇਗੀ, ਤੇਜ਼ ਵਿਕਾਸ ਦੀ ਰਫ਼ਤਰਾ ਯਕੀਨੀ ਕਰੇਗੀ। ਉਨ੍ਹਾਂ ਕਿਹਾ ਕਿ 28,000 ਕਰੋੜ ਰੁਪਏ ਦੇ ਪੂੰਜੀਗਤ ਖ਼ਰਚ ਨਾਲ ਦਿੱਲੀ ਵਿਚ ਸੜਕਾਂ, ਪੁਲ, ਜਲ ਨਿਕਾਸੀ, ਟਰਾਂਸਪੋਰਟ ਅਤੇ ਹੋਰ ਜਨਤਕ ਸੇਵਾਵਾਂ ਵਿਚ ਸੁਧਾਰ ਕਰੇਗੀ। ਇਹ ਬਜਟ ਦਿੱਲੀ ਨੂੰ ਸਮਾਰਟ ਅਤੇ ਆਧੁਨਿਕ ਸ਼ਹਿਰ ਵਿਚ ਬਦਲਣ ਦੀ ਦਿਸ਼ਾ ਵਿਚ ਮਜ਼ਬੂਤ ਕਦਮ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪਹਿਲੀ ਵਾਰ ਦਿੱਲੀ ਦੇ ਇਤਿਹਾਸ ਵਿਚ ਅਜਿਹਾ ਹੋਇਆ ਹੈ ਕਿ 2024-25 ਵਿਚ ਬਜਟ ਘਟਿਆ। ਇਸ ਵਾਰ ਦਿੱਲੀ ਸਰਕਾਰ ਦਾ ਬਜਟ ਇਕ ਲੱਖ ਕਰੋੜ ਦਾ ਹੈ, ਜੋ ਕਿ ਪਿਛਲੇ ਸਾਲ ਦੀ ਤੁਲਨਾ ਵਿਚ 31.5 ਫ਼ੀਸਦੀ ਵੱਧ ਹੈ।

ਓਡਿਸ਼ਾ ਵਿਧਾਨ ਸਭਾ 'ਚ ਕਾਂਗਰਸ ਦੇ 12 ਵਿਧਾਇਕ ਮੁਅੱਤਲ

ਭੁਵਨੇਸ਼ਵਰ, 25 ਮਾਰਚ। ਓਡਿਸ਼ਾ ਵਿਧਾਨ ਸਭਾ ਦੇ ਸਪੀਕਰ ਸੁਰਮਾ ਪਾੜ੍ਹੀ ਨੇ ਕਾਂਗਰਸ ਦੇ 12 ਵਿਧਾਇਕਾਂ ਨੂੰ ਸਦਨ ਵਿਚ ਅਨੁਸ਼ਾਸਨਹੀਣਤਾ ਦੇ ਦੋਸ਼ਾਂ ਵਿਚ ਮੰਗਲਵਾਰ ਨੂੰ 7 ਦਿਨਾਂ ਲਈ ਮੁਅੱਤਲ ਕਰ ਦਿੱਤਾ। ਕਾਂਗਰਸੀ ਵਿਧਾਇਕਾਂ ਵਿਰੁੱਧ ਇਹ ਕਾਰਵਾਈ ਸਦਨ ਵਿਚ ਸਰਕਾਰੀ ਚੀਫ ਵ?ਹਿਪ ਸਰੋਜ ਪ੍ਰਧਾਨ ਵੱਲੋਂ ਪੇਸ਼ ਪ੍ਰਸਤਾਵ ਨੂੰ ਸਵੀਕਾਰ ਕੀਤੇ ਜਾਣ ਤੋਂ ਬਾਅਦ ਕੀਤੀ ਗਈ। ਮੁਅੱਤਲ ਵਿਧਾਇਕਾਂ ਵਿਚ ਕਾਂਗਰਸ ਵਿਧਾਇਕ ਦਲ (ਸੀ. ਐੱਲ. ਪੀ.) ਦੇ ਨੇਤਾ ਰਾਮ ਚੰਦਰ ਕਦਮ, ਸਾਗਰ ਚਰਨ ਦਾਸ, ਮੰਗੂ ਖਿੱਲਾ, ਸੱਤਿਆਜੀਤ ਗੋਮਾਂਗੋ, ਅਸ਼ੋਕ ਕੁਮਾਰ ਦਾਸ, ਦਸ਼ਰਥੀ ਗਮਾਂਗੋ ਅਤੇ ਸੋਫੀਆ ਫਿਰਦੌਸ ਸ਼ਾਮਲ ਹਨ। ਜਿਵੇਂ ਹੀ ਪਾੜ੍ਹੀ ਨੇ ਫੈਸਲਾ ਸੁਣਾਇਆ, ਕਾਂਗਰਸੀ ਮੈਂਬਰਾਂ ਨੇ ਵਿਰੋਧ ਵਿਚ ਘੰਟੀਆਂ ਵਜਾ ਕੇ ਵਿਧਾਨ ਸਭਾ ਵਿਚ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ। ਹੰਗਾਮੇ ਦੌਰਾਨ ਸਦਨ ਦੀ ਕਾਰਵਾਈ ਪਹਿਲਾਂ ਸ਼ਾਮ 4.19 ਵਜੇ ਤੱਕ ਅਤੇ ਫਿਰ 15 ਮਿੰਟ ਲਈ ਮੁਲਤਵੀ ਕਰ ਦਿੱਤੀ ਗਈ।

ਰਾਸ਼ਨ ਕਾਰਡ-ਗੈਸ ਸਿਲੰਡਰ ਦੇ ਨਿਯਮਾਂ 'ਚ ਵੱਡਾ ਬਦਲਾਅ !

ਬਿਜ਼ਨੈੱਸ ਡੈਸਕ 25 ਮਾਰਚ। ਭਾਰਤ ਸਰਕਾਰ ਰਾਸ਼ਨ ਕਾਰਡ ਅਤੇ ਗੈਸ ਸਿਲੰਡਰ ਨਾਲ ਸਬੰਧਤ ਕੁਝ ਮਹੱਤਵਪੂਰਨ ਬਦਲਾਅ ਕਰਨ ਜਾ ਰਹੀ ਹੈ। ਜਿਸ ਕਾਰਨ ਦੇਸ਼ ਦੇ ਕਰੋੜਾਂ ਖਪਤਕਾਰ ਪ੍ਰਭਾਵਿਤ ਹੋਣਗੇ। ਆਮ ਨਾਗਰਿਕਾਂ ਨੂੰ 27 ਮਾਰਚ ਤੋਂ ਰਾਸ਼ਨ ਕਾਰਡ ਅਤੇ ਗੈਸ ਸਿਲੰਡਰ ਵੰਡ ਦੇ ਨਿਯਮਾਂ ਵਿੱਚ ਹੋਏ ਇਨ੍ਹਾਂ ਬਦਲਾਅ ਦਾ ਫਾਇਦਾ ਹੋਵੇਗਾ। ਜੇਕਰ ਤੁਸੀਂ ਰਾਸ਼ਨ ਕਾਰਡ ਜਾਂ ਗੈਸ ਸਿਲੰਡਰ ਦੀ ਵਰਤੋਂ ਕਰਦੇ ਹੋ, ਤਾਂ ਤੁਹਾਡੇ ਲਈ ਇਨ੍ਹਾਂ ਬਦਲਾਵਾਂ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ। ਰਾਸ਼ਨ ਕਾਰਡ ਨਾਲ ਸਬੰਧਤ ਨਵੀਂ ਪ੍ਰਣਾਲੀ ਦਾ ਮੁੱਖ ਉਦੇਸ਼ ਵੰਡ ਵਿੱਚ ਪਾਰਦਰਸ਼ਤਾ ਅਤੇ ਸੁਰੱਖਿਆ ਨੂੰ ਵਧਾਉਣਾ ਹੈ। 27 ਮਾਰਚ ਤੋਂ ਲਾਗੂ ਹੋਣ ਵਾਲੇ ਨਵੇਂ ਨਿਯਮਾਂ ਦੇ ਤਹਿਤ, ਹੁਣ ਡਿਜੀਟਲ ਰਾਸ਼ਨ ਕਾਰਡ ਜਾਰੀ ਕੀਤੇ ਜਾਣਗੇ, ਜਿਸ ਨਾਲ ਰਾਸ਼ਨ ਵੰਡ ਨੂੰ ਹੋਰ ਪਾਰਦਰਸ਼ੀ ਬਣਾਇਆ ਜਾਵੇਗਾ। ਇਸ ਦੇ ਨਾਲ ਹੀ 'ਵਨ ਨੇਸ਼ਨ, ਵਨ ਰਾਸ਼ਨ ਕਾਰਡ' ਦੀ ਪ੍ਰਣਾਲੀ ਲਾਗੂ ਕੀਤੀ ਜਾਵੇਗੀ, ਜੋ ਖਾਸ ਤੌਰ 'ਤੇ ਪ੍ਰਵਾਸੀ ਮਜ਼ਦੂਰਾਂ ਲਈ ਲਾਭਦਾਇਕ ਹੋਵੇਗੀ। ਇਸ ਪ੍ਰਣਾਲੀ ਦੇ ਤਹਿਤ ਕੋਈ ਵੀ ਵਿਅਕਤੀ ਦੇਸ਼ ਦੇ ਕਿਸੇ ਵੀ ਹਿੱਸੇ ਤੋਂ ਰਾਸ਼ਨ ਲੈ ਸਕੇਗਾ। ਇਸ ਤੋਂ ਇਲਾਵਾ, ਰਾਸ਼ਨ ਕਾਰਡ ਧਾਰਕਾਂ ਨੂੰ ਪਛਾਣ ਦੀ ਪੁਸ਼ਟੀ ਕਰਨ ਅਤੇ ਜਾਅਲੀ ਲਾਭਪਾਤਰੀਆਂ ਦੀ ਗਿਣਤੀ ਨੂੰ ਘਟਾਉਣ ਲਈ ਈ-ਕੇਵਾਈਸੀ ਪ੍ਰਕਿਰਿਆ ਅਤੇ ਬਾਇਓਮੀਟ੍ਰਿਕ ਤਸਦੀਕ ਤੋਂ ਗੁਜ਼ਰਨਾ ਹੋਵੇਗਾ।

ਪੰਜਾਬ ਦੀਆਂ ਧੀਆਂ ਨੂੰ ਮੁੱਖ ਮੰਤਰੀ ਮਾਨ ਦੀ ਖ਼ਾਸ ਅਪੀਲ

ਲੁਧਿਆਣਾ 25 ਮਾਰਚ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਦੀਆਂ ਲੜਕੀਆਂ ਨੂੰ ਸਿਆਸਤ ਵਿਚ ਵੱਧ ਤੋਂ ਵੱਧ ਸਰਗਰਮ ਹੋਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਸਿਆਸਤ ਵਿਚ ਆਉਣ ਅਤੇ ਵੋਟ ਪਾਉਣ ਦੇ ਹੱਕ ਦੇ ਮਾਮਲੇ ਵਿਚ ਖ਼ੁਦਮੁਖ਼ਤਿਆਰ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਸਿਅਸਤ ਹੀ ਤੁਹਾਡਾ ਭਵਿੱਖ ਨਿਰਧਾਰਤ ਕਰਦੀ ਹੈ। ਸਰਕਾਰੀ ਕਾਲਜ (ਲੜਕੀਆਂ) ਲੁਧਿਆਣਾ ਵਿਖੇ ਕਨਵੋਕੇਸ਼ਨ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ੁਰੂ ਤੋਂ ਹੀ ਕੁੜੀਆਂ ਪੜ੍ਹਾਈ ਦੇ ਮਾਮਲੇ ਵਿਚ

ਮੁੰਡਿਆਂ ਤੋਂ ਹੁਸ਼ਿਆਰ ਰਹੀਆਂ ਹਨ, ਪਰ ਪਹਿਲਾਂ ਹਾਲਾਤ ਹੋਰ ਸਨ ਤੇ ਉਨ੍ਹਾਂ ਨੂੰ ਅੱਗੇ ਵਧਣ ਦੇ ਮੌਕੇ ਨਹੀਂ ਸੀ ਮਿਲਦੇ। ਪਰ ਹੁਣ ਜ਼ਮਾਨਾ ਬਦਲ ਗਿਆ ਹੈ, ਮਾਪਿਆਂ ਦੀ ਸੋਚ ਵੀ ਬਦਲ ਗਈ ਹੈ ਤੇ ਕੁੜੀਆਂ ਵਾਸਤੇ ਕਰੀਅਰ ਦੇ ਮੌਕੇ ਖੁੱਲ੍ਹ ਗਏ ਹਨ। ਅੱਜ ਹਰ ਫੀਲਡ ਦੇ ਵਿਚ ਕੁੜੀਆਂ ਮੁੰਡਿਆਂ ਦੇ ਬਰਾਬਰ ਹਨ, ਸਗੋਂ ਉਨ੍ਹਾਂ ਤੋਂ ਵੀ ਇਕ ਕਦਮ ਅੱਗੇ ਹੀ ਹਨ। ਪਰ ਸਿਆਸਤ ਇਕ ਅਜਿਹੀ ਫੀਲਡ ਹੈ, ਜਿਸ ਵਿਚ ਕੁੜੀਆਂ ਥੋੜ੍ਹਾ ਘੱਟ ਇੰਟਰਸਟ ਲੈਂਦੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਆਮ ਤੌਰ 'ਤੇ ਲੜਕੀਆਂ ਸਿਆਸਤ ਅਤੇ ਖ਼ਬਰਾਂ ਵੱਲ ਜ਼ਿਆਦਾ ਧਿਆਨ ਨਹੀਂ ਦਿੰਦੀਆਂ। ਉਨ੍ਹਾਂ ਨੂੰ ਮਾਪੇ, ਭਰਾ ਜਾਂ ਪਤੀ ਨੇ ਜਿਸ ਨੂੰ ਵੀ ਕਹਿਣ, ਉਸ ਨੂੰ ਵੋਟ ਪਾ ਦਿੰਦੀਆਂ ਹਨ। ਪਰ ਮੈਂ ਉਨ੍ਹਾਂ ਨੂੰ ਇਸ ਮਾਮਲੇ ਵਿਚ ਖ਼ੁਦਮੁਖ਼ਤਿਆਰ ਬਣਨ ਦੀ ਅਪੀਲ ਕਰਦਾ ਹਾਂ। ਉਨ੍ਹਾਂ ਕਿਹਾ ਕਿ ਸਿਆਸਤ ਨੇ ਹੀ ਤੁਹਾਡਾ ਭਵਿੱਖ ਨਿਰਧਾਰਤ ਕਰਨਾ ਹੈ। 3$ ਮਾਨ ਨੇ ਕਿਹਾ ਕਿ ਸਿਆਸਤ ਵਿਚ ਮਾੜੇ ਬੰਦੇ ਇਸ ਕਰਕੇ ਜ਼ਿਆਦਾ ਨਹੀਂ ਕਿ ਇਸ ਵਿਚ ਸਿਰਫ਼ ਮਾੜੇ ਬੰਦੇ ਹੀ ਆਉਂਦੇ ਹਨ, ਸਗੋਂ ਇਸ ਕਰਕੇ ਹਨ ਕਿਉਂਕਿ ਚੰਗੇ ਬੰਦੇ ਇਸ ਪਾਸੇ ਘੱਟ ਆਉਂਦੇ ਹਨ।

ਇਕ ਰਾਸ਼ਟਰ-ਇਕ ਚੋਣ' ਸੰਬੰਧੀ ਸੰਯੁਕਤ ਕਮੇਟੀ ਦਾ ਕਾਰਜਕਾਲ ਮਾਨਸੂਨ ਸੈਸ਼ਨ ਤੱਕ ਵਧਿਆ

ਨਵੀਂ ਦਿੱਲੀ 25 ਮਾਰਚ। ਦੇਸ਼ 'ਚ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਇੱਕੋ ਸਮੇਂ ਚੋਣਾਂ ਕਰਵਾਉਣ ਦੀ ਵਿਵਸਥਾ ਕਰਨ ਵਾਲੇ 2 ਬਿੱਲਾਂ 'ਤੇ ਵਿਚਾਰ ਕਰਨ ਲਈ ਗਠਿਤ ਸੰਸਦ ਦੀ ਸੰਯੁਕਤ ਕਮੇਟੀ ਦਾ ਕਾਰਜਕਾਲ ਮੰਗਲਵਾਰ ਨੂੰ ਇਸ ਸਾਲ ਮਾਨਸੂਨ ਸੈਸ਼ਨ ਦੇ ਆਖ਼ਰੀ ਹਫ਼ਤੇ ਦੇ ਪਹਿਲੇ ਦਿਨ ਤੱਕ ਵਧਾ ਦਿੱਤਾ ਗਿਆ। ਇਸ ਸਾਂਝੀ ਕਮੇਟੀ ਦੇ ਚੇਅਰਮੈਨ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਪੀਪੀ ਚੌਧਰੀ ਨੇ ਲੋਕ ਸਭਾ 'ਚ ਕਮੇਟੀ ਦੇ ਕਾਰਜਕਾਲ ਨੂੰ ਵਧਾਉਣ ਦਾ ਪ੍ਰਸਤਾਵ ਰੱਖਿਆ, ਜਿਸ ਨੂੰ ਸਦਨ ਨੇ ਆਵਾਜ਼ੀ ਵੋਟ ਨਾਲ ਮਨਜ਼ੂਰੀ ਦੇ ਦਿੱਤੀ। ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੇ ਕਰਵਾਉਣ ਦੇ ਪ੍ਰਬੰਧ ਵਾਲੇ 'ਸੰਵਿਧਾਨ (129ਵਾਂ ਸੋਧ) ਬਿੱਲ, 2024' ਅਤੇ ਉਸ ਨਾਲ ਜੁੜੇ 'ਸੰਘ ਰਾਜ ਖੇਤਰ ਕਾਨੂੰਨ (ਸੋਧ) ਬਿੱਲ, 2024' 'ਤੇ ਸੰਸਦ ਦੀ 39 ਮੈਂਬਰੀ ਸੰਯੁਕਤ ਕਮੇਟੀ ਵਿਚਾਰ ਕਰ ਰਹੀ ਹੈ। ਕਮੇਟੀ ਨੂੰ ਬਜਟ ਸੈਸ਼ਨ ਦੇ ਆਖ਼ਰੀ ਹਫ਼ਤੇ ਦੇ ਪਹਿਲੇ ਦਿਨ ਤੱਕ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਸੀ। ਇਨ੍ਹਾਂ ਬਿੱਲਾਂ ਨੂੰ ਪਿਛਲੇ ਸਾਲ 17 ਦਸੰਬਰ ਨੂੰ ਲੋਕ ਸਭਾ 'ਚ ਪੇਸ਼ ਕੀਤਾ ਗਿਆ ਸੀ। ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ 'ਚ ਨਰਿੰਦਰ ਮੋਦੀ ਸਰਕਾਰ ਨੇ 'ਇਕ ਰਾਸ਼ਟਰ-ਇਕ ਚੋਣ' 'ਤੇ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਸੀ ਅਤੇ ਇਸ ਨੇ ਆਪਣੀ ਰਿਪੋਰਟ 'ਚ ਇਸ ਸੰਕਲਪ ਦਾ ਜ਼ੋਰਦਾਰ ਸਮਰਥਨ ਕੀਤਾ ਸੀ। ਇਸ ਤੋਂ ਬਾਅਦ, ਕੇਂਦਰੀ ਕੈਬਿਨਟ ਨੇ ਕਮੇਟੀ ਦੀਆਂ ਸਿਫ਼ਾਰਿਸ਼ਾਂ ਨੂੰ ਸਵੀਕਾਰ ਕਰ ਲਿਆ ਅਤੇ ਸਰਕਾਰ ਨੇ ਲੋਕ ਸਭਾ 'ਚ 2 ਬਿੱਲ ਪੇਸ਼ ਕੀਤਾ, ਜਿਨ੍ਹਾਂ 'ਚੋਂ ਇਕ ਸੰਵਿਧਾਨ ਸੋਧ ਬਿੱਲ ਵੀ ਹੈ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਭਾਜਪਾ ਸੰਸਦ ਮੈਂਬਰ ਅਤੇ ਸਾਬਕਾ ਕਾਨੂੰਨ ਮੰਤਰੀ ਪੀਪੀ ਚੌਧਰੀ ਦੀ ਪ੍ਰਧਾਨਗੀ 'ਚ 39 ਮੈਂਬਰੀ ਸੰਯੁਕਤ ਕਮੇਟੀ ਗਠਿਤ ਕੀਤੀ ਸੀ।

ਦੇਸ਼ ਦੀ ਸਿੱਖਿਆ ਵਿਵਸਥਾ ਨੂੰ ਖ਼ਤਮ ਕਰਨ 'ਚ ਲੱਗਾ ਹੈ ਆਰਐੱਸਐੱਸ : ਰਾਹੁਲ ਗਾਂਧੀ

ਏਜੰਸੀਆਂ

ਨਵੀਂ ਦਿੱਲੀ 25 ਮਾਰਚ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਦੇਸ਼ ਦੇ ਭਵਿੱਖ ਅਤੇ ਸਿੱਖਿਆ ਵਿਵਸਥਾ ਨੂੰ ਖ਼ਤਮ ਕਰਨ 'ਚ ਲੱਗਾ ਹੋਇਆ ਹੈ। ਉਨ੍ਹਾਂ ਨੇ ਇੱਥੇ ਜੰਤਰ-ਮੰਤਰ 'ਤੇ 'ਇੰਡੀਆ' ਗਠਜੋੜ ਦੇ ਵੱਖ-ਵੱਖ ਦਲਾਂ ਦੀ ਵਿਦਿਆਰਥੀ ਇਕਾਈਆਂ ਦੇ ਸੰਯੁਕਤ ਪ੍ਰਦਰਸ਼ਨ ਨੂੰ ਸੰਬੋਧਨ ਕਰਦੇ ਹੋਏ ਇਹ ਵੀ ਕਿਹਾ ਕਿ ਆਰ.ਐੱਸ.ਐੱਸ. ਅਤੇ ਭਾਰਤੀ ਜਨਤਾ ਪਾਰਟੀ ਨੂੰ ਮਿਲ ਕੇ ਰੋਕਣਾ ਅਤੇ ਹਰਾਉਣਾ ਹੈ। ਵਿਰੋਧੀ ਪਾਰਟੀਆਂ ਦੀ ਵਿਦਿਆਰਥੀ ਇਕਾਈਆਂ ਨੇ ਯੂਨੀਵਰਸਿਟੀ ਗਰਾਂਟ ਕਮਿਸ਼ਨ (ਯੂਜੀਸੀ) ਦੇ ਮਸੌਦਾ ਨਿਯਮਾਂ ਅਤੇ ਪੇਪਰ ਲੀਕ ਦੇ ਮੁੱਦਿਆਂ ਨੂੰ ਲੈ ਕੇ 'ਸੰਸਦ ਮਾਰਚ' ਦਾ ਸੱਦਾ ਦਿੱਤਾ ਸੀ। ਰਾਹੁਲ ਗਾਂਧੀ ਨੇ ਦਾਅਵਾ ਕੀਤਾ,"ਇਕ ਸੰਗਠਨ ਹਿੰਦੁਸਤਾਨ ਦਾ ਭਵਿੱਖ ਅਤੇ ਸਿੱਖਿਆ ਵਿਵਸਥਾ ਨੂੰ ਖ਼ਤਮ ਕਰਨ 'ਚ ਲੱਗਾ ਹੈ। ਉਸ ਸੰਗਠਨ ਦਾ ਨਾਂ ਆਰਐੱਸਐੱਸ ਹੈ। ਜੇਕਰ ਸਿੱਖਿਆ ਵਿਵਸਥਾ ਉਨ੍ਹਾਂ ਦੇ ਹੱਥ 'ਚ ਚੱਲੀ ਜਾਵੇਗੀ, ਜੋ ਹੌਲੀ-ਹੌਲੀ ਜਾ ਰਹੀ ਹੈ ਤਾਂ ਦੇਸ਼ ਬਰਬਾਦ ਹੋ ਜਾਵੇਗਾ ਅਤੇ ਇਸ ਦੇਸ਼ 'ਚ ਕਿਸੇ ਨੂੰ ਰੁਜ਼ਗਾਰ ਨਹੀਂ ਮਿਲੇਗਾ।" ਉਨ੍ਹਾਂ ਦਾ ਕਹਿਣਾ ਸੀ,"ਅੱਜ ਵਿਦਿਆਰਥੀਆਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਸਾਰੀਆਂ ਕੇਂਦਰੀ ਯੂਨੀਵਰਸਿਟੀਆਂ ਦੇ ਕੁਲਪਤੀ ਆਰਐੱਸਐੱਸ ਵਲੋਂ ਨਾਮਜ਼ਦ ਹਨ ਅਤੇ ਆਉਣ ਵਾਲੇ ਸਮੇਂ 'ਚ ਰਾਜਾਂ ਦੀਆਂ ਸਾਰੀਆਂ ਯੂਨੀਵਰਸਿਟੀਆਂ ਦੇ ਕੁਲਪਤੀ ਵੀ ਆਰਐੱਸਐੱਸ

ਵਲੋਂ ਨਾਮਜ਼ਦ ਹੋਣਗੇ। ਇਹ ਦੇਸ਼ ਲਈ ਖ਼ਤਰਨਾਕ ਹੈ। ਇਸ ਨੂੰ ਅਸੀਂ ਰੋਕਣਾ ਹੈ।" ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੇਰੁਜ਼ਗਾਰੀ ਅਤੇ ਮਹਿੰਗਾਈ 'ਤੇ ਗੱਲ ਨਹੀਂ ਕਰਨਾ ਚਾਹੁੰਦੇ। ਉਨ੍ਹਾਂ ਕਿਹਾ,"ਦੇਸ਼ 'ਚ ਸਭ ਤੋਂ ਵੱਡਾ ਮੁੱਦਾ ਬੇਰੁਜ਼ਗਾਰੀ ਹੈ। ਕੁਝ ਦਿਨ ਪਹਿਲੇ ਪ੍ਰਧਾਨ ਮੰਤਰੀ ਨੇ ਮਹਾਕੁੰਭ ਬਾਰੇ ਲੋਕ ਸਭਾ 'ਚ ਗੱਲ ਕੀਤੀ। ਮੈਂ ਇਹ ਬੋਲਣਾ ਚਾਹੁੰਦਾ ਸੀ ਕਿ ਕੁੰਭ ਬਾਰੇ ਗੱਲ ਕਰਨਾ ਚੰਗੀ ਗੱਲ ਹੈ ਪਰ ਭਵਿੱਖ ਬਾਰੇ ਗੱਲ ਕਰਨੀ ਚਾਹੀਦੀ ਹੈ, ਬੇਰੁਜ਼ਗਾਰੀ ਖ਼?ਲਾਫ਼ ਗੱਲ ਕਰਨੀ ਚਾਹੀਦੀ ਹੈ।" ਕਾਂਗਰਸ

ਬਲੱਡ ਸ਼ੂਗਰ ਨੂੰ ਕਾਬੂ 'ਚ ਰੱਖਦੇ ਹਨ ਬਾਦਾਮ, ਭਾਰਤੀਆਂ 'ਤੇ ਕੀਤੇ ਅਧਿਐਨ 'ਚ ਖੁਲਾਸਾ

ਜਲੰਧਰ 25 ਮਾਰਚ। ਭਾਰਤ 'ਚ ਬਲੱਡ ਸ਼ੂਗਰ ਇਕ ਗੰਭੀਰ ਸਮੱਸਿਆ ਬਣ ਗਈ ਹੈ। ਮੌਜੂਦਾ ਸਮੇਂ 'ਚ 101 ਮਿਲੀਅਨ ਲੋਕ ਸ਼ੂਗਰ ਤੋਂ ਪੀੜਤ ਹਨ ਅਤੇ 136 ਮਿਲੀਅਨ ਲੋਕ ਪ੍ਰੀ-ਡਾਇਬਟੀਜ਼ ਦੇ ਸ਼ਿਕਾਰ ਹਨ। ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਏਸ਼ੀਆਈ ਭਾਰਤੀਆਂ 'ਚ ਹੋਰ ਆਬਾਦੀਆਂ ਦੀ ਤੁਲਨਾ 'ਚ ਪ੍ਰੀਡਾਈਬਟੀਜ਼ ਤੋਂ ਟਾਈਪ 2 ਡਾਇਬਟੀਜ਼ ਨਾਲ ਇਨਫੈਕਸ਼ਨ ਦਾ ਖਤਰਾ ਵੱਧ ਹੁੰਦਾ ਹੈ। ਬਾਦਾਮ ਦੇ ਪੋਸ਼ਣ ਮੁੱਲ ਨੂੰ ਸਿਹਤਮੰਦ ਖੂਨ ਬਣਾਏ ਰੱਖਣ ਲਈ ਇਕ ਵਧੀਆ ਬਦਲ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ। ਇਸ 'ਚ ਹੌਲੀ-ਹੌਲੀ ਪਾਚਨ ਵਾਲਾ ਫਾਈਬਰ, ਵਨਸਪਤੀ ਪ੍ਰੋਟੀਨ, ਚੰਗੇ ਮੋਨੋਅਨਸੈਚੁਰੇਟਿਡ ਫੈਟ ਅਤੇ ਜ਼ੀਰੋ ਸ਼ੂਗਰ ਹੁੰਦੀ ਹੈ, ਜੋ ਇਸ ਨੂੰ ਬਲੱਡ ਸ਼ੂਗਰ ਨੂੰ ਕੰਟਰੋਲ 'ਚ ਰੱਖਣ 'ਚ ਸਹਾਇਕ ਬਣਾਉਂਦੀ ਹੈ। ਇਸੇ ਕਾਰਨ ਵਿਗਿਆਨਕ ਬਾਦਾਮ ਨੂੰ ਇਕ ਅਹਿਮ ਖੁਰਾਕੀ ਪਦਾਰਥ ਦੇ ਰੂਪ 'ਚ ਇਕ ਚੰਗਾ ਬਦਲ ਮੰਨ ਰਹੇ ਹਨ ਅਤੇ ਇਸ 'ਤੇ ਡੂੰਘੀ ਖੋਜ ਕਰ ਰਹੇ ਹਨ। ਭਾਰਤ ਦੇ ਵੱਖ-ਵੱਖ ਖੇਤਰਾਂ ਅਤੇ ਵੱਖ-ਵੱਖ ਆਬਾਦੀ ਵਿਚ ਕੀਤੇ ਗਏ ਕਈ ਅਧਿਐਨਾਂ ਤੋਂ ਪਤਾ ਚੱਲਿਆ ਹੈ ਕਿ ਸਿਹਤ ਆਹਾਰ 'ਚ ਬਾਦਾਮ ਨੂੰ ਸ਼ਾਮਲ ਕਰਨ ਨਾਲ ਬਲੱਡ ਸ਼ੂਗਰ 'ਚ ਸੁਧਾਰ ਹੋ ਸਕਦਾ ਹੈ। ਅਧਿਐਨਾਂ ਤੋਂ ਇਹ ਵੀ ਪਤਾ ਲੱਗਾ ਕਿ ਰੋਜ਼ਾਨਾ ਬਾਦਾਮ ਖਾਣ ਨਾਲ ਟਾਈਪ 2 ਸ਼ੂਗਰ ਵਾਲੇ ਲੋਕਾਂ, ਪ੍ਰੀ-ਡਾਇਬਟੀਜ਼ (ਜਿਸ ਨੂੰ ਵਿਗੜਿਆ ਹੋਇਆ ਗਲੂਕੋਜ਼ ਸ਼ਹਿਣਸ਼ੀਲਤਾ ਵੀ ਕਿਹਾ ਜਾਂਦਾ ਹੈ) ਵਾਲੇ ਲੋਕਾਂ, ਵੱਧ ਭਾਰ/ਮੋਟਾਪੇ ਵਾਲੇ ਲੋਕਾਂ ਅਤੇ ਪ੍ਰੀ-ਡਾਇਬਟੀਜ਼ ਵਾਲੇ ਲੋਕਾਂ ਨੂੰ ਲਾਭ ਹੁੰਦਾ ਹੈ। ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਬਾਦਾਮ, ਸਿਹਤ ਆਹਾਰ ਦਾ ਹਿੱਸਾ ਹੋਣ 'ਤੇ ਭਾਰਤ 'ਚ ਪ੍ਰੀ-ਡਾਇਬਟੀਜ਼ ਵਾਲੇ ਲੋਕਾਂ ਲਈ ਫਾਇਦੇਮੰਦ ਹੋ ਸਕਦਾ ਹੈ। ਪ੍ਰੀ-ਡਾਇਬਟੀਜ਼ ਨੂੰ ਆਮ ਬਲੱਡ ਸ਼ੂਗਰ ਦੇ ਪੱਧਰ 'ਤੇ ਵਾਪਸ ਲਿਆਉਣਲਈ ਆਹਾਰ ਸਬੰਧੀ ਰਣਨੀਤੀਕਾਰਾਂ ਨੂੰ ਡਾਕਟਰੀ ਵਿਗਿਆਨ ' ਕਿਹਾ ਜਾਂਦਾ ਹੈ। ਨਵੀਂ ਦਿੱਲੀ 'ਚ ਰਾਸ਼ਟਰੀ ਡਾਇਬਟੀਜ਼ ਓਬੇਸਿਟੀ ਅਤੇ ਕੋਲੋਸਟ?ਰਾਲ ਫਾਊਂਡੇਸ਼ਨ ਦੇ ਡਾ. ਅਨੂਪ ਮਿਸ਼ਰਾ ਅਤੇ ਉਨ੍ਹਾਂ ਦੀ ਖੋਜ ਟੀਮ ਨੇ ਹੁਣੇ ਜਿਹੇ ਦੋ ਅਧਿਐਨਾਂ 'ਚ ਪਾਇਆ ਕਿ ਰੋਜ਼ਾਨਾ ਭੋਜਨ ਤੋਂ ਪਹਿਲਾਂ ਦਿਨ 'ਚ ਤਿੰਨ ਵਾਰ ਮੁੱਠੀ ਭਰ ਬਾਦਾਮ

ਖਾਣ ਨਾਲ ਪ੍ਰੀ-ਡਾਇਬਟੀਜ਼ ਤੇ ਵੱਧ ਭਾਰ/ਮੋਟਾਪੇ ਨਾਲ ਪੀੜਤ ਹਨ, ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਲਈ ਘੱਟੋ-ਘੱਟ (ਤਿੰਨ ਦਿਨਾਂ ਦੇ ਅੰਦਰ) ਅਤੇ ਵੱਧ (ਤਿੰਨ ਮਹੀਨਿਆਂ ਅੰਦਰ) ਦੋਵੇਂ ਤਰ੍ਹਾਂ ਨਾਲ ਸੁਧਰਿਆ ਹੋਇਆ ਹੈ। ਬਾਦਾਮ ਉਪਭੋਗ 'ਤੇ ਇਕ ਮਹੀਨੇ ਤੱਕ ਕੀਤੇ ਗਏ ਅਧਿਐਨ 'ਚ ਇਕ ਨਵੀਂ ਦਿਸ਼ਾ ਦਿਖਾਈ ਹੈ, ਜਿਸ 'ਚ ਲਗਭਗ ਪ੍ਰੀ-ਡਾਇਬਟੀਜ਼ ਜਾਂ ਗਲੂਕੋਜ਼ ਅਸਹਿਣਸ਼ੀਲਤਾ ਨੂੰਆਮ ਬਲੱਡ ਸ਼ੂਗਰ ਦੇ ਪੱਧਰ 'ਚ ਸਫਲਤਾਪੂਰਵਕ ਤਬਦੀਲ ਕਰ ਲਿਆ ਹੈ। ਮੁੰਬਈ 'ਚ 275 ਅੱਲ੍ਹੜਾਂ ਅਤੇ ਬਾਲਗਾਂ 'ਤੇ ਕੀਤੀ ਗਈ ਇਕ ਹੋਰ ਖੋਜ 'ਚ ਬਾਦਾਮ ਦੇ ਸੇਵਨ ਨਾਲ ਬਲੱਡ ਸ਼ੂਗਰ, ਲਿਪਿਡਸ, ਇੰਸੁਲਿਨ ਤੇ ਕੁਝ ਖੋਜ ਸਬੰਧੀ ਸੰਕੇਤਾਂ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਦੇਖਿਆ ਗਿਆ। ਇਸ ਅਧਿਐਨ 'ਚ ਬਾਦਾਮ ਸਮੂਹ ਦੇ ਪ੍ਰਤੀਯੋਗੀਆਂ ਨੇ ਤਿੰਨ ਮਹੀਨੇ ਤਕ ਰੋਜ਼ਾਨਾ ਲਗਭਗ 56 ਗ੍ਰਾਮ ਭੁੰਨੇ ਹੋਏ ਬਾਦਾਮ ਖਾਧੇ। ਕੈਲੋਰੀ ਰਹਿਤ ਨਾਸ਼ਤਾ ਕਰਨ ਵਾਲੇ ਪ੍ਰਤੀਯੋਗੀਆਂ ਦੀ ਤੁਲਨਾ 'ਚ ਬਾਦਾਮ ਖਾਣ ਵਾਲਿਆਂ 'ਚ ਬਲੱਡ ਸ਼ੂਗਰ ਦਾ ਪੱਧਰ ਘੱਟ ਸੀ, ਕੁਲ ਕੋਲੈਸਟ?ਰਾਲ ਅਤੇ ਹਾਨੀਕਾਰਕ ਐੱਲ. ਡੀ. ਐੱਲ. ਕੋਲੈਸਟ?ਰਾਲ ਘੱਟ ਸੀ, ਜਦੋਂਕਿ ਲਾਭਕਾਰੀ ਐੱਚ. ਡੀ. ਐੱਲ. ਕੋਲੈਸਟ?ਰਾਲ ਦਾ ਪੱਧਰ ਬਣਿਆ ਹੋਇਆ ਸੀ। ਨਵੀਂ ਦਿੱਲੀ ਵਿਚ ਕੀਤੇ ਗਏ ਇਕ ਅਧਿਐਨ 'ਚ ਪਾਇਆ ਗਿਆ ਕਿ ਬਾਦਾਮ ਦੇ ਸੇਵਨ ਨਾਲ ਟਾਈਪ 2 ਡਾਇਬਟੀਜ਼ ("24) ਵਾਲੇ ਵਿਅਕਤੀਆਂ 'ਚ ਬਲੱਡ ਸ਼ੂਗਰ ਕੰਟਰੋਲ ਅਤੇ ਦਿਲ ਦੀ ਸਿਹਤ 'ਤੇ ਹਾਂ-ਪੱਖੀ ਪ੍ਰਭਾਵ ਪੈਂਦਾ ਹੈ। ਇਸ ਅਧਿਐਨ 'ਚ ਲਗਭਗ 50 ਏਸ਼ੀਆਈ-ਭਾਰਤੀ ਸ਼ਾਮਲ ਸਨ, ਜੋ ਟਾਈਪ 2 ਡਾਇਬਟੀਜ਼ ਅਤੇ ਹਾਈ ਕੋਲੈਸਟ?ਰਾਲ ਤੋਂ ਪੀੜਤ ਸਨ। ਉਨ੍ਹਾਂ ਨੇ ਆਪਣੀ ਰੋਜ਼ਾਨਾ ਕੈਲੋਰੀ ਦਾ 20 ਫੀਸਦੀ ਹਿੱਸਾ ਬਿਨਾਂ ਭੁੰਨੇ ਹੋਏ ਸਾਬਤ ਬਾਦਾਮ ਸ਼ਾਮਲ ਕੀਤੇ ਹਨ। ਇਸ ਤਬਦੀਲੀ ਦੇ ਨਤੀਜੇ ਉਨ੍ਹਾਂ ਦੇ ਹੀਮੋਗਲੋਬਿਨ 113 (ਜੋ ਲੰਬੇ ਸਮੇਂ ਤਕ ਬਲੱਡ ਸ਼ੂਗਰ ਕੰਟਰੋਲ ਦਾ ਸੰਕੇਤ ਹੈ) 'ਚ ਸੁਧਾਰ ਹੋਇਆ। ਇਸ ਤੋਂ ਇਲਾਵਾ ਟਾਈਪ 2 ਡਾਇਬਟੀਜ਼ ਨਾਲ ਜੁੜੇ ਕਈ ਦਿਲ ਦੇ ਜੋਖਿਮ ਕਾਰਕਾਂ 'ਚ ਵੀ ਹਾਂ ਪੱਖੀ ਬਦਲਾਅ ਦੇਖੇ ਗਏ। ਚੇਨਈ ਸਥਿਤ ਮਦਰਾਸ ਡਾਇਬਟੀਜ਼ ਰਿਸਰਚ ਫਾਊਂਡੇਸ਼ਨ ਦੇ ਖੋਜੀਆਂ ਦੁਆਰਾ ਕੀਤੇ ਗਏ ਅਧਿਐਨ 'ਚ 352 ਏਸ਼ੀਆਈ ਭਾਰਤੀ ਸ਼ਾਮਲ ਸੀ। ਜੋ ਲੋਕ ਜ਼ਿਆਦਾ ਭਾਰ ਵਾਲੇ ਸੀ ਜਾਂ ਮੋਟਾਪੇ ਤੋਂ ਪੀੜਤ ਸਨ। ਉਨ੍ਹਾਂ ਨੂੰ ਦੋ ਧੜਿਆਂ 'ਚ ਵੰਡ ਦਿੱਤਾ ਗਿਆ। ਪਹਿਲੇ ਸਮੂਹ ਨੂੰ 12 ਹਫ਼ਤਿਆਂ ਤੱਕ 43 ਦਿਨਾਂ ਤੱਕ ਰੋਜ਼ਾਨਾ ਬਾਦਾਮ ਖਾਣ ਨੂੰ ਕਿਹਾ ਗਿਆ, ਜਦਕਿ ਦੂਜੇ ਸਮੂਹ ਨੂੰ ਆਪਣਾ ਆਮ ਖੁਰਾਕ (ਰੋਜ਼ਾਨਾ ਖੁਰਾਕ) ਖਾਣ ਨੂੰ ਕਿਹਾ ਗਿਆ। 12 ਹਫ਼ਤਿਆਂ ਦੇ ਬਾਅਦ, ਬਾਦਾਮ ਖਾਣ ਵਾਲੇ ਸਮੂਹ 'ਚ ਇੰਸੁਲਿਨ ਪ੍ਰਤੀਰੋਧ 'ਚ ਕਮੀ, ਪੈਨਕ੍ਰਿਆਟਿਕ ਫੰਕਸ਼ਨ 'ਚ ਸੁਧਾਰ, ਬਲੱਡ ਸ਼ੂਗਰ ਦੇ ਪੱਧਰ 'ਚ ਸੁਧਾਰ ਅਤੇ ਕੋਲੇਸਟ?ਰੋਲ ਦੇ ਪੱਧਰ 'ਚ ਸੁਧਾਰ ਦੇਖਿਆ ਗਿਆ। ਜਦਕਿ ਦੂਜੇ ਸਮੂਹ 'ਚ ਅਜਿਹਾ ਕੋਈ ਬਦਲਾਅ ਨਹੀਂ ਦੇਖਿਆ ਗਿਆ। ਇਸ ਅਧਿਐਨ ਤੋਂ ਪਤਾ ਲਗਦਾ ਹੈ ਕਿ ਬਾਦਾਮ ਦਾ ਸੇਵਨ ਭਾਰਤ 'ਚ ਸ਼ੂਗਰ ਨੂੰ ਕੰਟਰੋਲ ਕਰਨ ਅਤੇ ਇੰਸੁਲਿਨ ਪ੍ਰਤੀਰੋਧ 'ਚ ਸੁਧਾਰ ਕਰਨ 'ਚ ਸਹਾਇਕ ਹੋ ਸਕਦਾ ਹੈ। ਇਹ ਏਸ਼ੀਆਈ ਭਾਰਤੀਆਂ ਲਈ ਵਿਸ਼ੇਸ਼ ਰੂਪ ਨਾਲ ਮਹੱਤਵਪੂਰਨ ਹੈ। ਕਿਉਂਕਿ ਉਹ ਤੇਜ਼ੀ ਨਾਲ ਸ਼ੂਗਰ ਦੇ ਰੋਗ ਵੱਲ ਵਧ ਰਹੇ ਹਨ। ਇਸ ਲਈ, ਭਾਰਤ ਚ ਜਨਤਕ ਸਹਿਤ 'ਚ ਸੁਧਾਰ ਲਈ ਬਾਦਾਮ ਦੀ ਖਪਤ ਵਧਾਉਣਾ ਇਕ ਪ੍ਰਭਾਵੀ ਰਣਨੀਤੀ ਹੋ ਸਕਦੀ ਹੈ। ਆਯੂਰਵੇਦ ਸਿੱਧ ਦੇ ਅਨੁਸਾਰ, ਬਾਦਾਮ ਦਾ ਮੁੱਖ ਕੰਮ ਸ਼ਰੀਰ ਦੇ ਸਾਰੇ ਸੈੱਲਾਂ, ਖਾਸ ਕਰਕੇ ਪ੍ਰਜਨਨ ਕਿਰਿਆਵਾਂ ਨੂੰ ਮਜ਼ਬੂਤ ਕਰਨਾ ਹੈ। ਇਸ ਤੋਂ ਇਲਾਵਾ, ਸਿੱਧ ਅਭਿਆਸ ਤੋਂ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਬਾਦਾਮ ਸ਼ੂਗਰ ਅਤੇ ਪੇਟ ਦੀ ਜਲਣ ਵਰਗੀ ਹੋਰ ਜੀਵਨ ਸ਼ੈਲੀ ਸਥਿਤੀਆਂ ਸਮੇਤ ਪੁਰਾਣੀਆਂ ਬੀਮਾਰੀਆਂ ਕਾਰਣ ਹੋਣ ਵਾਲੀ ਕਮਜ਼ੋਰੀ 'ਤੇ ਚੰਗੇ ਪ੍ਰਭਾਵ ਪਾਉਂਦੀ ਹੈ। (13) ਆਯੁਰਵੇਦ ਅਤੇ ਯੂਨਾਨੀ ਦੋਵਾਂ ਦੇ ਅਨੁਸਾਰ, ਬਾਦਾਮ ਦੇ ਸੇਵਨ ਨਾਲ ਮਰਦਾਂ ਦੇ ਬਾਂਝਪਨ ਅਤੇ ਜਿਨਸੀ ਕਾਰਜਕਸ਼ਲਤਾ 'ਚ ਕਮੀ 'ਤੇ ਵੀ ਉਪਚਾਰਕ ਪ੍ਰਭਾਵ ਪੈਂਦਾ ਹੈ, ਜੋ ਅੱਜ ਦੁਨੀਆ 'ਚ ਤੇਜ਼ੀ ਨਾਲ ਵਧ ਰਹੀ ਸਥਿਤੀ ਹੈ, ਬਾਦਾਮ ਸਰੀਰ ਦੇ ਟਿਸ਼ੂਆਂ ਨੂੰ ਚਿਕਨਾਈ/ਨਮੀ ਪ੍ਰਦਾਨ ਕਰਦਾ ਹੈ, ਨਾੜੀ ਤੰਤਰ ਨੂੰ ਸਹਾਰਾ ਦਿੰਦਾ ਹੈ, ਤਾਕਤ, ਚਮੜੀ ਦੇ ਰੰਗ, ਮਾਸਪੇਸ਼ੀਆਂ ਨੂੰ ਵਧਾਉਂਦਾ ਹੈ ਅਤੇ ਕਰ ਨੂੰ ਬਾਹਰ ਕੱਢਣ 'ਚ ਮਦਦ ਕਰਦਾ ਹੈ। ਆਲਮੰਡ ਬੋਰਡ ਆਫ ਕੈਲੀਫੋਰਨੀਆ 7,600 ਬਾਦਾਮ ਕਿਸਾਨਾਂ ਅਤੇ 101 ਪ੍ਰੋਸੈਸਰਸ ਦੀ ਨੁਮਾਇੰਦਗੀ ਕਰਦਾ ਹੈ, ਜਿਸ 'ਚ ਜ਼ਿਆਦਾਤਰ ਤੀਜੀ ਅਤੇ ਚੌਥੀ ਪੀੜ੍ਹੀ ਦੇ ਕਿਸਾਨ ਹਨ। ਇਹ ਸੰਗਠਨ ਉੱਚ ਗੁਣਵੱਤਾ ਵਾਲੇ ਬਾਦਾਮ ਦੇ ਉਤਪਾਦਨ ਅਤੇ ਟਿਕਾਊ ਖੇਤੀ ਅਭਿਆਸਾਂ ਨੂੰ ਸਮਰਪਿਤ ਹੈ। ਕੈਲੀਫੋਰਨੀਆ ਦੇ ਬਾਦਾਮ ਵਿਸ਼ਵ ਪੱਧਰੀ ਗੁਣਵੱਤਾ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਅਤੇ ਸੰਭਵ ਤੌਰ 'ਤੇ ਦੁਨੀਆ ਦੇ ਸਭ ਤੋਂ ਸੁਰੱਖਿਅਤ ਅਤੇ ਸਭ ਤੋਂ ਵੱਧ ਪੌਸ਼ਟਿਕ ਬਾਦਾਮ ਮੰਨੇ ਜਾਂਦੇ ਹਨ। ਅਮਰੀਕਾ ਦੇ ਬਾਅਦ, ਭਾਰਤ ਕੈਲੀਫੋਰਨੀਆ ਬਾਦਾਮ ਦਾ ਸਭ ਤੋਂ ਵੱਡਾ ਬਾਜ਼ਾਰ ਹੈ। 2023/24 ਦੇ ਅੰਕੜਾਂ 'ਤੇ ਨਜ਼ਰ ਮਾਰੀਏ ਤਾਂ ਅਮਰੀਕਾ ਤੋਂ ਭਾਰਤ 'ਚ ਲਗਭਗ 400 ਮਿਲੀਅਨ ਪੌਂਡ ਬਾਦਾਮ ਦਾ ਨਿਰਯਾਤ ਕੀਤਾ ਗਿਆ ਹੈ, ਜੋ ਪਿਛਲੇ ਸਾਲ ਤੋਂ 21% ਜ਼ਿਆਦਾ ਹੈ। ਅਸਲ 'ਚ ਭਾਰਤ 'ਚ ਬਾਦਾਮ ਨੂੰ ਸਭ ਤੋਂ ਚੰਗਾ ਭੋਜਨ ਮੰਨਿਆ ਜਾਂਦਾ ਹੈ ਅਤੇ ਕਿਸੇ ਹੋਰ ਭੋਜਨ ਨੂੰ ਬਾਦਾਮ ਦੇ ਬਰਾਬਰ ਦਰਜਾ ਨਹੀਂ ਮਿਲ ਸਕਿਆ ਹੈ। ਇਥੇ ਬਾਦਾਮ ਦੀ ਖੇਤੀ 'ਚ ਫਸਲ ਦੀ ਗੁਣਵੱਤਾ ਨੂੰ ਸਭ ਤੋਂ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ। ਅਮਰੀਕਾ ਦਾ ਖੇਤੀਬਾੜੀ ਵਿਭਾਗ ਰੈਗੂਲਰ ਬਾਦਾਮ ਦੀ ਪੈਕਿੰਗ ਤੋਂ ਪਹਿਲਾਂ ਉਸ ਦੀ ਜਾਂਚ ਕਰਦਾ ਹੈ, ਜਿਸ 'ਚ ਬਾਦਾਮ ਦੀ ਗੁਣਵੱਤਾ, ਉਸ 'ਚ ਮੌਜੂਦ ਤੱਤਾਂ ਅਤੇ ਕੀਟਨਾਸ਼ਕਾਂ ਦੇ ਪ੍ਰਭਾਵ ਦੀ ਵੀ ਜਾਂਚ ਕੀਤੀ ਜਾਂਦੀ ਹੈ। ਕੈਲੀਫੋਰਨੀਆ ਦੀ ਧਰਤੀ 'ਤੇ ਪੈਦਾ ਹੋਏ ਬਾਦਾਮ ਯੂਨਾਈਟੇਡ ਸਟੇਟਸ ਡਿਪਾਰਟਮੈਂਟ ਆਫ ਐਗਰੀਕਲਚਰ ਦੀਕਸੌਟੀ 'ਤੇ ਖਰਾ ਉਤਰਦਾ ਹੈ, ਤਾਂ ਫਿਰ ਹੀ ਉਸ ਨੂੰ ਫਾਰਮ ਤੋਂ ਤੁਹਾਡੀ ਪਲੇਟ ਤੱਕ ਪਹੁੰਚਣ ਦੀ ਮਨਜ਼ੂਰੀ ਮਿਲਦੀ ਹੈ।

ਜਬਰ-ਜ਼ਿਨਾਹ ਮਾਮਲੇ 'ਚ ਨਾਮਜ਼ਦ ਪਾਦਰੀ ਦੇ ਗੈਰ-ਜ਼ਮਾਨਤੀ ਵਾਰੰਟ ਰੱਦ

ਮੋਹਾਲੀ 25 ਮਾਰਚ। ਜਬਰ-ਜ਼ਿਨਾਹ ਮਾਮਲੇ 'ਚ ਨਾਮਜ਼ਦ ਪਾਦਰੀ ਬਰਜਿੰਦਰ ਸਿੰਘ ਮੰਗਲਵਾਰ ਨੂੰ ਮੋਹਾਲੀ ਅਦਾਲਤ 'ਚ ਪੇਸ਼ ਹੋਏ। ਉਨ੍ਹਾਂ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ 3 ਮਾਰਚ ਨੂੰ ਪਾਦਰੀ ਬਰਜਿੰਦਰ ਸਿੰਘ ਹਸਪਤਾਲ 'ਚ ਦਾਖ਼ਲ ਸਨ, ਜਿਸ ਕਾਰਨ ਉਹ ਅਦਾਲਤ 'ਚ ਪੇਸ਼ ਨਹੀਂ ਹੋ ਸਕੇ ਅਤੇ ਉਨ੍ਹਾਂ ਵਲੋਂ ਪੇਸ਼ੀ ਤੋਂ ਛੋਟ ਲਈ ਅਦਾਲਤ 'ਚ ਪਟੀਸ਼ਨ ਦਾਇਰ ਕੀਤੀ ਗਈ ਸੀ। ਸੁਣਵਾਈ ਦੌਰਾਨ ਅਦਾਲਤ ਨੇ ਬਰਜਿੰਦਰ ਸਿੰਘ ਦੇ ਗੈਰ-ਜ਼ਮਾਨਤੀ ਵਾਰੰਟ ਰੱਦ ਕਰਦੇ ਹੋਏ ਇਸ ਮਾਮਲੇ ਦੀ ਅਗਲੀ

ਸੁਣਵਾਈ 25 ਮਾਰਚ ਨੂੰ ਤੈਅ ਕੀਤੀ ਹੈ। ਦੱਸਣਯੋਗ ਹੈ ਕਿ ਸਾਲ 2018 'ਚ ਬਰਜਿੰਦਰ ਸਿੰਘ 'ਤੇ ਜਬਰ-ਜ਼ਿਨਾਹ ਦਾ ਮਾਮਲਾ ਦਰਜ ਕੀਤਾ ਗਿਆ ਸੀ। ਪੀੜਤਾ ਨੇ ਦੋਸ਼ ਲਾਇਆ ਸੀ ਕਿ ਬਰਜਿੰਦਰ ਸਿੰਘ ਨੇ ਸੈਕਟਰ-63, ਚੰਡੀਗੜ੍ਹ 'ਚ ਆਪਣੇ ਘਰ 'ਚ ਉਸ ਨਾਲ ਜਬਰ-ਜ਼ਿਨਾਹ ਕੀਤਾ। ਇਸ ਸਬੰਧੀ ਬਰਜਿੰਦਰ ਸਿੰਘ ਨੇ ਅਦਾਲਤ 'ਚ ਪੇਸ਼ ਹੋਣਾ ਸੀ ਪਰ ਉਹ ਨਹੀਂ ਪਹੁੰਚ ਸਕੇ। ਇਸ ਸਬੰਧੀ ਬੀਤੇ ਦਿਨੀਂ ਮੋਹਾਲੀ ਅਦਾਲਤ ਨੇ ਉਨ੍ਹਾਂ ਖ਼?ਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਸਨ।

ਪੰਜਾਬ ਪੁਲਸ 'ਚ ਸਿੱਧੀ ਭਰਤੀ ਨੂੰ ਲੈ ਕੇ ਵੱਡੀ ਖ਼ਬਰ ! ਸੂਬਾ ਸਰਕਾਰ ਨੇ ਬਦਲਿਆ ਪੁਰਾਣਾ ਫ਼ੈਸਲਾ

ਚੰਡੀਗੜ੍ਹ 25 ਮਾਰਚ। ਪੰਜਾਬ ਪੁਲਸ 'ਚ ਐੱਸ. ਆਈ. (ਸਬ ਇੰਸਪੈਕਟਰ) ਦੀ ਸਿੱਧੀ ਭਰਤੀ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਵਲੋਂ ਪਿਛਲੀ ਕੈਪਟਨ ਸਰਕਾਰ ਦਾ ਫ਼ੈਸਲਾ ਬਦਲ ਦਿੱਤਾ ਗਿਆ ਹੈ, ਜਿਸ ਦੇ ਮੱਦੇਨਜ਼ਰ ਹੁਣ ਸੂਬੇ 'ਚ ਐੱਸ. ਆਈ. ਦੀ ਸਿੱਧੀ ਭਰਤੀ ਨਹੀਂ ਹੋ ਸਕੇਗੀ। ਤੁਹਾਨੂੰ ਦੱਸ ਦੇਈਏ ਕਿ ਪਿਛਲੇ ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਦੌਰਾਨ ਸਬ ਇੰਸਪੈਕਟਰ ਦੀ ਸਿੱਧੀ ਭਰਤੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ, ਜਿਸ ਤੋਂ ਹੇਠਲੇ ਅਹੁਦਿਆਂ ਦੇ ਮੁਲਾਜ਼ਮ ਨਾਰਾਜ਼ ਸਨ ਕਿਉਂਕਿ ਉਨ੍ਹਾਂ ਨੂੰ ਜਲਦੀ ਪ੍ਰਮੋਸ਼ਨ ਦਾ ਮੌਕਾ ਨਹੀਂ ਮਿਲਦਾ ਸੀ। ਹੋਰ ਪੁਲਸ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਨੂੰ ਦੇਖਦੇ ਹੋਏ ਹੁਣ ਪੰਜਾਬ ਸਰਕਾਰ ਨੇ ਉਕਤ ਫ਼ੈਸਲੇ 'ਚ ਇਹ ਵੱਡਾ ਬਦਲਾਅ ਕੀਤਾ ਹੈ। ਇਸ ਦੇ ਤਹਿਤ ਹੁਣ ਸੂਬੇ 'ਚ ਐੱਸ. ਆਈ. ਰੈਂਕ ਦੀ

ਸਿੱਧੀ ਭਰਤੀ ਨਹੀਂ ਹੋਵੇਗੀ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਇਸ ਸਬੰਧੀ ਗ੍ਰਹਿ ਵਿਭਾਗ ਦੇ ਆਲਾ ਅਧਿਕਾਰੀਆਂ ਨਾਲ ਵਿਚਾਰ ਤੋਂ ਬਾਅਦ ਹੁਣ ਮੁੱਖ ਮੰਤਰੀ ਨਾਲ ਮੀਟਿੰਗ ਦਾ ਫ਼ੈਸਲਾ ਕੀਤਾ ਗਿਆ ਹੈ। ਕਾਨੂੰਨੀ ਤੌਰ 'ਤੇ ਵੀ ਰਾਏ ਲਈ ਗਈ ਹੈ ਤਾਂ ਜੋ ਭਵਿੱਖ 'ਚ ਕਿਸੇ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਾ ਆਵੇ। ਸੂਤਰਾਂ ਮੁਤਾਬਕ ਇਹ ਵੀ ਪਤਾ ਲੱਗਾ ਹੈ ਕਿ ਅਗਲੀ ਕੈਬਨਿਟ ਮੀਟਿੰਗ 'ਚ ਇਹ ਪ੍ਰਸਤਾਵ ਲਿਆਂਦਾ ਜਾ ਸਕਦਾ ਹੈ। ਇਸ ਤੋਂ ਬਾਅਦ ਸਬ ਇੰਸਪੈਕਟਰਾਂ ਦੀ ਥਾਂ ਏ. ਐੱਸ. ਆਈ. ਰੈਂਕ 'ਤੇ ਨਵੀਂ ਭਰਤੀ ਸਬੰਧੀ ਇਸ਼ਤਿਹਾਰ ਦਿੱਤੇ ਜਾਣਗੇ। ਮੁੱਢਲੇ ਤੌਰ 'ਤੇ ਪੁਲਸ ਨੇ ਕਰੀਬ 300 ਤੋਂ ਜ਼ਿਆਦਾ ਏ. ਐੱਸ. ਆਈ. ਰੈਂਕ 'ਤੇ ਭਰਤੀਆਂ ਕਰਨ ਨੂੰ ਲੈ ਕੇ ਪ੍ਰਸਤਾਵ ਤਿਆਰ ਕੀਤਾ ਹੈ।

ਇਕ ਸਾਲ ਪਹਿਲਾਂ ਹੋਈ ਲਵ ਮੈਰਿਜ ਦਾ ਖ਼ੌਫ਼ਨਾਕ ਅੰਤ

ਕੋਟਾ 25 ਮਾਰਚ। ਰਾਜਸਥਾਨ ਤੋਂ ਇਕ ਬਹੁਤ ਸਨਸਨੀਖੇਜ਼ ਖ਼ਬਰ ਪ੍ਰਾਪਤ ਹੋਈ ਹੈ, ਜਿੱਥੋਂ ਦੇ ਕੋਟਾ ਸ਼ਹਿਰ 'ਚ ਇੱਕ 23 ਸਾਲਾ ਨੌਜਵਾਨ ਨੇ ਆਪਣੀ ਪਤਨੀ ਨਾਲ ਝਗੜੇ ਤੋਂ ਬਾਅਦ ਦਿੱਲੀ-ਮੁੰਬਈ ਰੇਲਵੇ ਟਰੈਕ 'ਤੇ ਰੇਲਗੱਡੀ ਅੱਗੇ ਛਾਲ ਮਾਰ ਕੇ ਆਪਣੀ ਜੀਵਨਲੀਲਾ ਸਮਾਪਤ ਕਰ ਲਈ। ਮ੍ਰਿਤਕ ਦੀ ਪਛਾਣ ਦਿਲਰਾਜ ਮੀ

ਅਲਟਰਾਸਾਊਂਡ ਸਕੈਨਿੰਗ ਸੈਂਟਰਾਂ ਦੀ ਕੀਤੀ ਜਾਵੇਗੀ ਜਾਂਚ

ਕਪੂਰਥਲਾ 25 ਮਾਰਚ। ਸਿਵਲ ਸਰਜਨ ਡਾ. ਰਿਚਾ ਭਾਟੀਆ ਦੀ ਅਗਵਾਈ ਵਿਚ ਅੱਜ ਪੀ. ਸੀ. ਪੀ. ਐੱਨ. ਡੀ. ਟੀ. ਦੇ ਐਕਟ ਅਧੀਨ ਗਠਤ ਕੀਤੀ ਜ਼ਿਲ੍ਹਾ ਸਲਾਹਕਾਰ ਕਮੇਟੀ ਦੀ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ. ਰਿਚਾ ਭਾਟੀਆ ਨੇ ਦੱਸਿਆ ਕਿ ਜ਼ਿਲ੍ਹੇ 'ਚ ਪੀ. ਸੀ. ਪੀ. ਐੱਨ. ਡੀ. ਟੀ. ਐਕਟ ਤਹਿਤ ਸਿਹਤ ਵਿਭਾਗ ਦੀ ਟੀਮ ਵੱਲੋਂ ਸਕੈਨਿੰਕ ਸੈਂਟਰਾਂ ਦੀ ਸਮੇਂ-ਸਮੇਂ 'ਤੇ ਜਾਂਚ ਕੀਤੀ ਜਾਂਦੀ ਹੈ ਤਾਂਕਿ ਕੰਨਿਆ ਭਰੂਣ ਹੱਤਿਆ ਨੂੰ ਰੋਕਿਆ ਜਾ ਸਕੇ ।

ਉਨ੍ਹਾਂ ਸਾਰੇ ਸਕੈਨਿੰਗ ਸੈਂਟਰਾਂ ਨੂੰ ਹਦਾਇਤ ਕਰਦਿਆ ਕਿਹਾ ਕਿ ਜੇਕਰ ਕੋਈ ਵੀ ਭਰੂਣ ਜਾਂਚ ਕਰਦਾ ਪਾਇਆ ਗਿਆ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਸਕੈਨਿੰਗ ਸੈਂਟਰ ਦੀ ਰਜਿਸਟ?ਰੇਸ਼ਨ ਰੱਦ ਕਰਕੇ ਕਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਮੀਟਿੰਗ 'ਚ ਡੀ. ਐੱਫ਼. ਪੀ. ਓ. ਡਾ. ਅਸ਼ੋਕ ਕੁਮਾਰ, ਡਾ. ਸਿੰਮੀ ਧਵਨ, ਡਾਕਟਰ ਹਰਪ੍ਰੀਤ ਮੋਮੀ, ਡਾ. ਅਰਸ਼ਬੀਰ ਕੌਰ, ਜ਼ਿਲ੍ਹਾ ਅਟਾਰਨੀ ਕਪੂਰਥਲਾ ਵਿਸ਼ਾਲ ਅਨੰਦ, ਪ੍ਰੋਮਿਲਾ ਅਰੋੜਾ ਸੋਸ਼ਲ ਵਰਕਰ, ਡਾ. ਰਾਜ ਕੁਮਾਰ ਸੋਸ਼ਲ ਵਰਕਰ,ਸੀਡੀਪੀਓ ਕਪੂਰਥਲਾ ਨਤਾਸ਼ਾ ਸਾਗਰ,ਡਿਪਟੀ ਮਾਸ ਮੀਡੀਆ ਅਫ਼ਸਰ ਕਮ ਪੀ. ਐੱਨ. ਡੀ. ਟੀ. ਕੁਆਰਡੀਨੇਟਰ ਸ਼ਰਨਦੀਪ ਸਿੰਘ ਆਦਿ ਹਾਜ਼ਰ ਸਨ।

ਨਵਾਂਸ਼ਹਿਰ ਦੇ 3 ਨਿੱਜੀ ਅਲਟਰਾਸਾਊਂਡ ਸਕੈਨ ਸੈਂਟਰ ਦੀ ਕੀਤੀ ਗਈ ਅਚਨਚੇਤ ਚੈਕਿੰਗ

ਨਵਾਂਸ਼ਹਿਰ 25 ਮਾਰਚ। ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਹਰੀਸ਼ ਕਿਰਪਾਲ ਨੇ ਅੱਜ ਨਵਾਂਸ਼ਹਿਰ ਵਿਚ 3 ਨਿੱਜੀ ਅਲਟਰਾਸਾਊਂਡ ਸਕੈਨ ਸੈਂਟਰਾਂ ਦੀ ਅਚਨਚੇਤ ਚੈਕਿੰਗ ਕਰਕੇ ਅਲਟਰਾਸਾਊਂਡ ਸਕੈਨ ਸੈਂਟਰਾਂ ਦੇ ਰਿਕਾਰਡ ਦੀ ਜਾਂਚ ਕੀਤੀ। ਡਾ. ਹਰੀਸ਼ ਕਿਰਪਾਲ ਨੇ ਦੱਸਿਆ ਕਿ ਪੀ. ਸੀ. ਪੀ. ਐੱਨ. ਡੀ. ਟੀ. ਐਕਟ ਦਾ ਮੁੱਖ ਉਦੇਸ਼ ਜਨਮ ਤੋਂ ਪਹਿਲਾਂ ਦੇ ਲਿੰਗ ਨਿਰਧਾਰਨ ਟੈਸਟਾਂ 'ਤੇ ਪਾਬੰਦੀ ਲਗਾ ਕੇ ਮਾਦਾ ਭਰੂਣ ਹੱਤਿਆ ਨੂੰ ਰੋਕਣਾ ਹੈ। ਉਨ੍ਹਾਂ ਸਕੈਨ ਸੈਂਟਰਾਂ ਦੇ ਪ੍ਰਤੀਨਿਧੀਆਂ ਨੂੰ ਹਦਾਇਤ ਕੀਤੀ ਕਿ ਪੀ. ਸੀ. ਪੀ. ਐੱਨ. ਡੀ. ਟੀ. ਐਕਟ ਦੀਆਂ ਧਾਰਾਵਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਪੀ. ਸੀ. ਪੀ. ਐੱਨ. ਡੀ. ਟੀ. ਐਕਟ ਨੂੰ ਸਖ਼ਤੀ ਨਾਲ ਲਾਗੂ ਕਰਕੇ ਭਰੂਣ ਹੱਤਿਆ ਵਰਗੀ ਅਲਾਮਤ ਨੂੰ ਨੱਥ ਪਾਈ ਜਾ ਰਹੀ ਹੈ। ਇਸ ਐਕਟ ਦਾ ਮੁੱਖ ਉਦੇਸ਼ ਭਰੂਣ ਦੇ ਲਿੰਗ ਨਿਰਧਾਰਨ 'ਤੇ ਪ੍ਰਭਾਵਸ਼ਾਲੀ ਨਿਯੰਤਰਣ ਲਗਾਉਣਾ ਹੈ। ਜ਼ਿਲਾ ਪਰਿਵਾਰ ਭਲਾਈ ਅਫ਼ਸਰ ਨੇ ਕਿਹਾ ਕਿ ਜ਼ਿਲ੍ਹੇ ਅੰਦਰ ਜੋ ਵੀ ਕੋਈ ਪੀ. ਸੀ. ਪੀ. ਐੱਨ. ਡੀ. ਟੀ. ਐਕਟ ਦੀ ਉਲੰਘਣਾ ਕਰਦਾ ਫੜਿਆ ਜਾਂਦਾ ਹੈ ਤਾਂ ਉਸ



ਖ਼?ਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਗਰਭ ਅਵਸਥਾ ਵਿਚ ਲਿੰਗ ਜਾਂਚ ਕਰਨਾ ਅਤੇ ਕਰਵਾਉਣਾ ਦੋਵੇਂ ਅਪਰਾਧ ਹੈ। ਇਸ ਅਪਰਾਧ ਵਿਚ ਸ਼ਾਮਲ ਡਾਕਟਰ ਤੋਂ ਲੈ ਕੇ ਜਾਂਚ ਕਰਨ ਵਾਲੇ ਅਤੇ ਕਰਵਾਉਣ ਵਾਲੇ ਬਰਾਬਰ ਦੋਸ਼ੀ ਮੰਨੇ ਜਾਂਦੇ ਹਨ ਅਤੇ ਅਪਰਾਧ ਸਾਬਿਤ ਹੋਣ ਦੀ ਸੂਰਤ ਵਿਚ ਘੱਟੋ-ਘੱਟ ਤਿੰਨ ਸਾਲ ਦੀ ਕੈਦ ਹੋ ਸਕਦੀ ਹੈ। ਡਾ. ਕਿਰਪਾਲ ਨੇ ਕਿਹਾ ਕਿ ਕੰਨਿਆ ਭਰੂਣ ਹੱਤਿਆ ਮਨੁੱਖਤਾ ਲਈ ਸ਼ਰਾਪ ਹੈ ਅਤੇ ਇਸ ਦੀ ਰੋਕਥਾਮ ਲਈ ਸਿਹਤ ਵਿਭਾਗ ਸਖਤ ਕਦਮ ਉਠਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਮਾਜ ਨੂੰ ਅੱਗੇ ਤੋਰਨ ਵਿਚ ਔਰਤਾਂ ਵੱਲੋਂ ਨਿਭਾਈ ਜਾ ਰਹੀ ਅਹਿਮ ਭੂਮਿਕਾ ਨੂੰ ਰੇਖਾਂਕਿਤ ਕਰਦਿਆਂ ਜ਼ਿਲਾ ਸਿਹਤ ਅਫ਼ਸਰ ਸਿੰਘ ਨੇ ਕਿਹਾ ਕਿ ਔਰਤਾਂ ਤੋਂ ਬਿਨਾਂ ਮਨੁੱਖੀ ਸਮਾਜ ਦੀ ਹੋਂਦ ਹੀ ਸੰਭਵ ਨਹੀਂ ਹੈ। ਔਰਤ ਇਕ ਮਜ਼ਬੂਤ ਧਿਰ ਹੈ ਕਿਉਂਕਿ ਇਹ ਔਰਤ ਹੀ ਹੈ, ਜੋ ਨਾ ਸਿਰਫ਼ ਇਕ ਪਰਿਵਾਰ ਨੂੰ ਸਫਲਤਾਪੂਰਵਕ ਸੰਭਾਲਦੀ ਹੈ, ਸਗੋਂ ਘਰ ਦੀ ਚਾਰਦੀਵਾਰੀ ਤੋਂ ਬਾਹਰ ਕਿਸੇ ਵੀ ਪੇਸ਼ੇ ਵਿਚ ਨਵੀਆਂ ਲੀਹਾਂ ਪਾ ਸਕਦੀ ਹੈ। ਸਾਨੂੰ ਔਰਤਾਂ ਪ੍ਰਤੀ ਆਪਣੀ ਮਾਨਸਿਕਤਾ ਬਦਲਣ ਦੀ ਲੋੜ ਹੈ। ਇਸ ਸਮੇਂ ਉਨ੍ਹਾਂ ਨਾਲ ਕਾਰਜਕਾਰੀ ਪੀ. ਐੱਨ. ਡੀ. ਟੀ. ਕੋਆਡੀਨੇਟਰ ਹਰਨੇਕ ਸਿੰਘ ਵੀ ਮੌਜੂਦ ਸਨ।

ਸਰਹੱਦ ਪਾਰੋਂ ਮੰਗਵਾ ਕੇ ਵੇਚਦਾ ਸੀ ਨਸ਼ਾ, ਪੁਲਸ ਨੇ 31 ਕਰੋੜ ਦੀ ਹੈਰੋਇਨ ਸਣੇ ਚੁੱਕਿਆ ਸਮੱਗਲਰ

ਅੰਮ੍ਰਿਤਸਰ 25 ਮਾਰਚ। ਸਰਹੱਦ ਪਾਰੋਂ ਆਈ ਸਾਢੇ 4 ਕਿਲੋ ਹੈਰੋਇਨ ਸਮੇਤ ਸਮੱਗਲਰ ਹਰਪ੍ਰੀਤ ਸਿੰਘ ਲਵ ਨੂੰ ਥਾਣਾ ਲੋਪੋਕੇ ਦੀ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ। ਬਰਾਮਦ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੀਮਤ ਲਗਭਗ 31 ਕਰੋੜ ਦੱਸੀ ਜਾ ਰਹੀ ਹੈ। ਇਹ ਖੁਲਾਸਾ ਐੱਸ.ਪੀ. ਜਾਂਚ ਹਰਿੰਦਰ ਸਿੰਘ ਗਿੱਲ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪੁਲਸ ਨੂੰ ਇਨਪੁਟ ਮਿਲੀ ਸੀ ਕਿ ਹਰਪ੍ਰੀਤ ਦੇ ਸਰਹੱਦ ਪਾਰ ਪਾਕਿਸਤਾਨ 'ਚ ਬੈਠੇ ਸਮੱਗਲਰਾਂ ਨਾਲ ਸਬੰਧ ਹਨ ਅਤੇ ਉਹ ਉਥੋਂ ਹੈਰੋਇਨ ਲਿਆ ਕੇ ਪੰਜਾਬ 'ਚ ਸਪਲਾਈ ਕਰ ਰਿਹਾ ਹੈ, ਜਿਸ ਦੇ ਆਧਾਰ 'ਤੇ ਇਕ ਜਾਲ ਵਿਛਾਇਆ ਗਿਆ ਅਤੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਫਿਲਹਾਲ ਪੁਲਸ ਨੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਕੇਸ ਦਰਜ ਕਰ ਲਿਆ ਹੈ ਅਤੇ ਮਾਣਯੋਗ ਅਦਾਲਤ ਦੇ ਨਿਰਦੇਸ਼ਾਂ 'ਤੇ ਉਸ ਨੂੰ ਜਾਂਚ ਲਈ ਪੁਲਸ ਰਿਮਾਂਡ 'ਤੇ ਲਿਆ ਗਿਆ ਹੈ। ਉਸ ਤੋਂ ਵਿਸਥਾਰ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਮੁਲਜ਼ਮ ਵੱਲੋਂ ਨਸ਼ੀਲੇ ਪਦਾਰਥ ਵੇਚ ਕੇ ਬਣਾਈ ਗਈ ਜਾਇਦਾਦ ਦੀ ਵੀ ਪਛਾਣ ਕੀਤੀ ਜਾ ਰਹੀ ਹੈ। ਪੁਲਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

ਨਾਕੇ 'ਤੇ ਖੜ੍ਹੇ ਪੰਜਾਬ ਪੁਲਸ ਦੇ ਮੁਲਾਜ਼ਮਾਂ 'ਤੇ ਅਚਾਨਕ ਚੱਲਣ ਲੱਗੀਆਂ ਗੋਲੀਆਂ

ਫਰੀਦਕੋਟ 25 ਮਾਰਚ। ਇਕ ਮੁਕਾਬਲੇ ਤੋਂ ਬਾਅਦ, ਫਰੀਦਕੋਟ ਵਿਚ ਜ਼ਿਲ੍ਹਾ ਪੁਲਸ ਨੇ ਲਾਰੈਂਸ ਬਿਸ਼ਨੋਈ ਅਤੇ ਜੱਗੂ

ਭਗਵਾਨਪੁਰੀਆ ਗੈਂਗ ਨਾਲ ਸਬੰਧਤ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਇਕ ਸਕਾਰਪੀਓ ਵਿਚ ਸਵਾਰ ਸਨ। ਮੁਲਜ਼ਮਾਂ ਦੀ ਪਛਾਣ ਸੁਰਿੰਦਰ ਸਿੰਘ ਉਰਫ਼ ਗਗਨੀ ਅਤੇ ਲਖਵਿੰਦਰ ਸਿੰਘ ਉਰਫ਼ ਲੱਖੂ ਵਜੋਂ ਹੋਈ ਹੈ, ਜੋ ਕਿ ਅੰਬੇਡਕਰ ਨਗਰ, ਜੈਤੋ ਦੇ ਰਹਿਣ ਵਾਲੇ ਹਨ, ਜਿਨ੍ਹਾਂ ਕੋਲੋਂ ਪੁਲਸ ਨੇ ਇਕ 32 ਬੋਰ ਪਿਸਤੌਲ ਅਤੇ ਕਾਰਤੂਸ ਬਰਾਮਦ ਕੀਤੇ ਹਨ। ਜਾਣਕਾਰੀ ਅਨੁਸਾਰ ਗੁਪਤ ਸੂਚਨਾ ਦੇ ਆਧਾਰ 'ਤੇ ਸੀਆਈਏ ਸਟਾਫ਼ ਜੈਤੋ ਦੀ ਪੁਲਸ ਪਾਰਟੀ ਨੇ ਚੰਦਭਾਨ ਡਰੇਨ ਪਿੰਡ ਨੇੜੇ ਨਾਕਾਬੰਦੀ ਕੀਤੀ ਹੋਈ ਸੀ ਅਤੇ ਇਸ ਦੌਰਾਨ ਬਠਿੰਡਾ ਵੱਲੋਂ ਆ ਰਹੀ ਇਕ ਸਕਾਰਪੀਓ ਗੱਡੀ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ। ਇਸ ਦੌਰਾਨ ਰੁਕਣ ਦੀ ਬਜਾਏ, ਗੱਡੀ ਵਿਚ ਸਵਾਰ ਲੋਕਾਂ ਨੇ ਪੁਲਸ 'ਤੇ ਗੋਲੀਆਂ ਚਲਾ ਦਿੱਤੀਆਂ ਜੋ ਬੈਰੀਕੇਡਾਂ ਨਾਲ ਟਕਰਾ ਗਈਆਂ ਅਤੇ ਜਵਾਬੀ ਕਾਰਵਾਈ ਵਿਚ ਪੁਲਸ ਨੇ ਦੋਵਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਆਪ੍ਰੇਸ਼ਨ ਦੌਰਾਨ, ਸੁਰਿੰਦਰ ਸਿੰਘ ਉਰਫ਼ ਗਗਨੀ ਦੀ ਲੱਤ ਵਿਚ ਗੋਲੀ ਲੱਗੀ ਅਤੇ ਉਸਨੂੰ ਇਲਾਜ ਲਈ ਮੈਡੀਕਲ ਕਾਲਜ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਸੂਚਨਾ ਮਿਲਣ ਤੋਂ ਬਾਅਦ ਐੱਸਐੱਸਪੀ ਡਾ. ਪ੍ਰੱਗਿਆ ਜੈਨ ਹੋਰ ਉੱਚ ਪੁਲਸ ਅਧਿਕਾਰੀਆਂ ਨਾਲ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਇਸ ਮਾਮਲੇ ਵਿਚ ਐੱਸਐੱਸਪੀ ਡਾ. ਪ੍ਰੱਗਿਆ ਜੈਨ ਨੇ ਕਿਹਾ ਕਿ ਜ਼ਿਲ੍ਹਾ ਪੁਲਸ ਵੱਲੋਂ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸ ਤਹਿਤ ਸਮਾਜ ਵਿਰੋਧੀ ਅਨਸਰਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁਕਾਬਲੇ ਤੋਂ ਬਾਅਦ ਗ੍ਰਿਫ਼ਤਾਰ ਕੀਤੇ ਗਏ ਦੋ ਮੁਲਜ਼ਮਾਂ ਵਿਚੋਂ ਸੁਰਿੰਦਰ ਸਿੰਘ ਉਰਫ਼ ਗਗਨੀ ਖ਼?ਲਾਫ਼ ਪਹਿਲਾਂ ਹੀ ਕਈ ਮਾਮਲੇ ਦਰਜ ਹਨ।

ਸਕੂਲ ਬੱਸ ਪਲਟੀ, ਵਿਦਿਆਰਥੀਆਂ ਦੀਆਂ ਚੀਕਾਂ ਸੁਣ ਦਹਿਲ ਗਿਆ ਇਲਾਕਾ

ਝਾਂਸੀ 25 ਮਾਰਚ। ਪੁਲਸ ਨੇ ਦੱਸਿਆ ਕਿ ਦੂਰ ਦੇ ਪਿੰਡਾਂ ਤੋਂ ਵਿਦਿਆਰਥੀਆਂ ਨੂੰ ਲੈ ਕੇ ਪੁੰਛ ਦੇ ਇਕ ਨਿੱਜੀ ਸਕੂਲ ਜਾ ਰਹੀ ਬੱਸ ਸੋਮਵਾਰ ਸਵੇਰੇ ਪਲਟ ਗਈ। ਇਸ ਹਾਦਸੇ 'ਚ 15 ਬੱਚੇ ਜ਼ਖ਼ਮੀ ਹੋ ਗਏ, ਜਿਨ੍ਹਾਂ 'ਚੋਂ 5 ਦੀ ਹਾਲਤ ਗੰਭੀਰ ਹੈ। ਪੁੰਛ ਥਾਣੇ ਦੇ ਸਟੇਸ਼ਨ ਹਾਊਸ ਅਫ਼ਸਰ ਰਾਜੇਸ਼ ਪਾਲ ਨੇ ਦੱਸਿਆ,"ਇਹ ਘਟਨਾ ਬਾਜਨਾ ਰੋਡ 'ਤੇ ਹੋਈ, ਜਦੋਂ 2 ਦਰਜਨ ਤੋਂ ਵੱਧ ਵਿਦਿਆਰਥੀਆਂ ਨੂੰ ਲਿਜਾ ਰਹੀ ਇਕ ਸਕੂਲ ਬੱਸ ਬਾਜਨਾ ਪਿੰਡ ਕੋਲ ਕੰਟਰੋਲ ਗੁਆ ਬੈਠੀ ਅਤੇ ਸੜਕ ਕਿਨਾਰੇ ਪਲਟ ਗਈ।" ਬੱਚਿਆਂ ਦੀਆਂ ਚੀਕਾਂ ਨਾਲ ਨੇੜੇ-ਤੇੜੇ ਦਾ ਇਲਾਕਾ ਦਹਿਲ ਗਿਆ। ਜ਼ਖ਼ਮੀਆਂ ਨੂੰ ਤੁਰੰਤ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਪੁਲਸ ਅਨੁਸਾਰ, ਕਰੀਬ 15 ਬੱਚੇ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਪੁੰਛ ਦੇ ਇਕ ਸਿਹਤ ਕੇਂਦਰ ਲਿਜਾਇਆ ਗਿਆ।

ਇਕ ਘਰ 'ਚੋਂ 50 ਹਜ਼ਾਰ ਰੁਪਏ ਤੇ 2 ਮੋਬਾਈਲ ਚੋਰੀ

ਫਿਰੋਜ਼ਪੁਰ 25 ਮਾਰਚ। ਫਿਰੋਜ਼ਪੁਰ ਸ਼ਹਿਰ ਦੇ ਏਰੀਆ ਵਿਜੇ ਨਗਰ (ਦਾਣਾ ਮੰਡੀ ਨੇੜੇ) 'ਚ ਇਕ ਘਰ ਵਿਚੋਂ ਚੋਰ ਅੱਧੀ ਰਾਤ ਨੂੰ ਕੈਸ਼ ਅਤੇ ਮੋਬਾਈਲ ਫੋਨ ਚੋਰੀ ਕਰ ਕੇ ਲੈ ਗਏ। ਇਸ ਘਟਨਾ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਵੱਲੋਂ ਪੀੜਤ ਵਿਅਕਤੀ ਚੰਦਨ ਬਜਾਜ ਪੁੱਤਰ ਰਾਜਕੁਮਾਰ ਵੱਲੋਂ ਦਿੱਤੀ ਗਈ ਲਿਖਤੀ ਸ਼ਿਕਾਇਤ ਅਤੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਚੋਰਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਰਮਨ ਕੁਮਾਰ ਨੇ ਦੱਸਿਆ ਕਿ ਚੰਦਨ ਬਜਾਜ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਹੈ ਕਿ 22/23 ਮਾਰਚ ਦੀ ਅੱਧੀ ਰਾਤ ਨੂੰ ਕੋਈ ਅਣਪਛਾਤਾ ਵਿਅਕਤੀ ਉਸ ਦੇ ਘਰ ਦਾਖਲ ਹੋਇਆ

ਸ੍ਰੀ ਹਰਿਮੰਦਰ ਸਾਹਿਬ ਤੋਂ ਮੱਥਾ ਟੇਕ ਵਾਪਸ ਆ ਰਹੇ ਦੋਸਤਾਂ ਨਾਲ ਰੂਹ ਕੰਬਾਊ ਹਾਦਸਾ

ਅੰਮ੍ਰਿਤਸਰ 25 ਮਾਰਚ। ਇਥੋਂ ਦੇ ਕੰਪਨੀ ਬਾਗ ਨੇੜੇ ਚੱਲਦੀ ਕਾਰ ਨੂੰ ਅਚਾਨਕ ਅੱਗ ਲੱਗ ਗਈ। ਦੱਸਿਆ ਜਾ ਰਿਹਾ ਹੈ ਕਿ ਪੈਟਰੋਲ ਲੀਕ ਹੋਣ ਕਾਰਨ ਇਕ ਥਾਰ ਕਾਰ ਨੂੰ ਅੱਗ ਲੱਗੀ, ਜਿਸ ਕਾਰਨ ਡਰਾਈਵਰ ਸਮੇਤ ਤਿੰਨ ਲੋਕ ਵਾਲ-ਵਾਲ ਬੱਚ ਗਏ। ਗੱਡੀ ਦੇ ਡਰਾਈਵਰ ਸੰਜੀਤ ਨੇ ਕਿਹਾ ਕਿ ਜਿੱਥੋਂ ਉਹ ਲੰਘ ਰਹੇ ਸਨ ਗੱਡੀ ਵਿੱਚੋਂ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ, ਜਿਸ ਕਾਰਨ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਪੈਟਰੋਲ ਲੀਕ ਹੋ ਰਿਹਾ ਹੈ ਅਤੇ ਇਸ ਨਾਲ ਅੱਗ ਲੱਗ ਗਈ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਪੁਲਸ ਮੌਕੇ 'ਤੇ ਪਹੁੰਚੀ ਅਤੇ ਫਾਇਰ ਬ੍ਰਿਗੇਡ ਨੂੰ ਵੀ ਸੂਚਿਤ ਕੀਤਾ। ਫਾਇਰ ਬ੍ਰਿਗੇਡ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ। ਇਸ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਥਾਰ ਦੇ ਮਾਲਕ ਸੰਜੀਤ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਹ ਥਾਰ ਗੱਡੀ 15 ਦਿਨ ਪਹਿਲਾਂ ਖ਼ਰੀਦੀ ਸੀ। ਜਿਹੜੀ ਕਿ ਹੁਣ ਪੂਰੀ ਤਰ੍ਹਾਂ ਤੋਂ ਸੜ ਕੇ ਸੁਆਹ ਹੋ ਗਈ ਹੈ ਪਰ ਪ੍ਰਮਾਤਮਾ ਦਾ ਸ਼ੁਕਰ

ਹੈ ਮੈਨੂੰ ਅਤੇ ਮੇਰੇ ਦੋਸਤਾਂ ਨੂੰ ਕੋਈ ਵੀ ਨੁਕਸਾਨ ਨਹੀਂ ਪੰਹੁਚੀਆ ਹੈ। ਜਾਣਕਾਰੀ ਮੁਤਾਬਕ ਜੰਮੂ ਦਾ ਰਹਿਣ ਵਾਲਾ ਸੰਜੀਤ ਕੁਮਾਰ ਫ਼ੌਜ 'ਚ ਤਾਇਨਾਤ ਹੈ ਅਤੇ ਆਪਣੇ ਦੋ ਦੋਸਤਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਅੰਮ੍ਰਿਤਸਰ ਆਇਆ ਸੀ ਅਤੇ ਵਾਪਸ ਜੰਮੂ ਜਾ ਰਹੇ ਸਨ। ਜਿਵੇਂ ਹੀ ਗੱਡੀ ਕੰਪਨੀ ਬਾਗ ਨੇੜੇ ਪਹੁੰਚੀ, ਅਚਾਨਕ ਗੱਡੀ ਵਿੱਚ ਅੱਗ ਲੱਗ ਗਈ। ਅੱਗ ਇੰਨੀ ਭਿਆਨਕ ਸੀ ਕਿ ਕਾਰ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਈ। ਜਿਵੇਂ ਹੀ ਕਾਰ ਨੂੰ ਅੱਗ ਲੱਗੀ, ਤਿੰਨੋਂ ਨੌਜਵਾਨ ਤੁਰੰਤ ਬਾਹਰ ਨਿਕਲ ਆਏ ਅਤੇ ਆਪਣੀ ਜਾਨ ਬਚਾਈ। ਅਚਾਨਕ ਕਾਰ ਵਿੱਚ ਅੱਗ ਦੀਆਂ ਲਪਟਾਂ ਤੇਜ਼ ਹੋ ਗਈਆਂ ਪਰ ਜਦੋਂ ਤੱਕ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਪਹੁੰਚੀਆਂ, ਉਦੋਂ ਤੱਕ ਗੱਡੀ ਸੜ ਕੇ ਸੁਆਹ ਹੋ ਚੁੱਕੀ ਸੀ।

ਬਿਆਨ ਲੈਣ ਗਏ ਏ. ਐੱਸ. ਆਈ. ਨਾਲ ਵਾਪਰੀ ਅਣਹੋਣੀ, ਪਲਾਂ 'ਚ ਨਿਕਲ ਗਏ ਸਾਹ

ਜਲਾਲਾਬਾਦ 25 ਮਾਰਚ। ਮੰਗਲਵਾਰ ਦੀ ਦੇਰ ਸ਼ਾਮ ਜਲਾਲਾਬਾਦ ਗੋਬਿੰਦ ਨਗਰੀ ਵਿਖੇ ਥਾਣਾ ਸਿਟੀ ਜਲਾਲਾਬਾਦ ਦੇ ਏ.ਐੱਸ.ਆਈ ਜਰਨੈਲ ਚੰਦ ਕਿਸੇ ਕੇਸ ਦੇ ਸਿਲਸਿਲੇ ਵਿਚ ਬਿਆਨ ਕਲਮ ਬੰਦ ਕਰਨ ਲਈ ਗਏ ਸਨ ਜਿੱਥੇ ਅਚਾਨਕ ਉਨ੍ਹਾਂ ਦੀ ਤਬੀਅਤ ਖਰਾਬ ਹੋ ਗਈ। ਇਸ ਦੌਰਾਨ ਉਨ੍ਹਾਂ ਨੂੰ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ



ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਦੀ ਹਾਲਤ ਨੂੰ ਗੰਭੀਰ ਦੇਖਦੇ ਹੋਏ ਸਿਵਲ ਹਸਪਤਾਲ ਜਲਾਲਾਬਾਦ ਵਿਖੇ ਰੈਫਰ ਕਰ ਦਿੱਤਾ। ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਹਾਲਾਂਕਿ ਮੌਤ ਦੇ ਅਸਲ ਕਾਰਨਾਂ ਦਾ ਅਜੇ ਤੱਕ ਪਤਾ

ਪੰਜਾਬ ਸਰਕਾਰ ਵੱਲੋਂ ਹੁਣ ਤੱਕ ਬੁਢਾਪਾ ਪੈਨਸ਼ਨ ਅਤੇ ਹੋਰ ਵਿੱਤੀ ਸਹਾਇਤਾ ਵਜੋਂ 16847.83 ਕਰੋੜ ਰੁਪਏ ਦੀ ਰਾਸ਼ੀ ਵੰਡੀ : ਡਾ. ਬਲਜੀਤ ਕੌਰ

ਚੰਡੀਗੜ੍ਹ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸਮੂਹ ਵਰਗਾਂ ਅਤੇ ਲੋੜਵੰਦ ਲੋਕਾਂ ਖਾਸ ਕਰਕੇ ਬਜ਼ੁਰਗ ਨਾਗਰਿਕਾਂ, ਵਿਧਵਾਵਾਂ ਅਤੇ ਬੇਸਹਾਰਾ ਔਰਤਾਂ, ਬੇਸਹਾਰਾ ਬੱਚਿਆਂ ਅਤੇ ਦਿਵਿਆਂਗਜਨਾਂ ਦੀ ਭਲਾਈ ਲਈ ਵਚਨਬੱਧ ਹੈ। ਪੰਜਾਬ ਸਰਕਾਰ ਵੱਲੋਂ ਆਪਣੇ ਕਾਰਜਕਾਲ ਸੰਭਾਲਣ ਤੋਂ ਲੈ ਕੇ ਹੁਣ ਤੱਕ ਬੁਢਾਪਾ ਪੈਨਸ਼ਨ, ਲੋੜਵੰਦ ਲੋਕਾਂ ਅਤੇ ਬੇਸਹਾਰਾ ਔਰਤਾਂ ਅਤੇ ਬੱਚਿਆਂ ਨੂੰ ਵਿੱਤੀ ਸਹਾਇਤਾ ਦੇ ਤੌਰ 'ਤੇ 16847.83 ਕਰੋੜ ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਕੀਤਾ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਬੁਢਾਪਾ ਪੈਨਸ਼ਨ ਸਕੀਮ ਅਧੀਨ ਸਾਲ 2022-23 ਦੌਰਾਨ 3651.08 ਕਰੋੜ ਰੁਪਏ ਦੀ ਰਾਸ਼ੀ ਵੰਡੀ ਗਈ ਅਤੇ 21.26 ਲੱਖ ਲਾਭਪਾਤਰੀਆਂ ਨੂੰ ਇਸ ਸਕੀਮ ਦਾ ਲਾਭ ਮਿਲਿਆ। ਇਸੇ ਤਰ੍ਹਾਂ ਹੀ 2023-24 ਦੌਰਾਨ 3950.68 ਕਰੋੜ ਰੁਪਏ ਦੀ ਰਾਸ਼ੀ ਵੰਡੀ ਅਤੇ 22.11 ਲੱਖ ਲਾਭਪਾਤਰੀਆਂ ਨੂੰ ਇਸ ਸਕੀਮ ਦਾ ਲਾਭ ਮਿਲਿਆ। ਇਸ ਤੋਂ ਇਲਾਵਾ ਇਸ ਸਕੀਮ ਅਧੀਨ ਸਾਲ 2024-25 ਦੌਰਾਨ 3708.57 ਕਰੋੜ ਦੀ ਰਾਸ਼ੀ ਵੰਡੀ ਗਈ ਜਿਸ ਅਧੀਨ 22.64 ਲੱਖ ਲੋਕਾਂ ਨੂੰ ਲਾਭ ਹੋਇਆ। ਇਸ ਤਰ੍ਹਾਂ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਹੁਣ ਤੱਕ ਬੁਢਾਪਾ ਪੈਨਸ਼ਨ ਦੇ ਤੌਰ 'ਤੇ 11310.33 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ।

ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਅੱਗੇ ਕਿਹਾ ਕਿ ਇਸ ਤੋਂ ਇਲਾਵਾ ਵਿਧਵਾ ਅਤੇ ਬੇਸਹਾਰਾ ਔਰਤਾਂ ਨੂੰ ਵਿੱਤੀ ਸਹਾਇਤਾ ਦੇ ਤੌਰ ਤੇ ਵਿੱਤੀ ਸਾਲ

2022-23 ਦੌਰਾਨ 1013.07 ਕਰੋੜ ਰੁਪਏ ਦੀ ਰਾਸ਼ੀ ਵੰਡੀ ਗਈ ਅਤੇ 5.84 ਲੱਖ ਲੋਕਾਂ ਨੂੰ ਇਸ ਸਕੀਮ ਦਾ ਲਾਭ ਮਿਲਿਆ। ਇਸੇ ਤਰ੍ਹਾਂ ਹੀ 2023-24 ਦੌਰਾਨ 1084.92 ਕਰੋੜ ਦੀ ਰਾਸ਼ੀ ਵੰਡੀ ਗਈ ਅਤੇ 6.11 ਲੱਖ ਲਾਭਪਾਤਰੀਆਂ ਨੂੰ ਇਸ ਸਕੀਮ ਅਧੀਨ ਲਾਭ ਮਿਲਿਆ। ਉਨ੍ਹਾਂ ਇਹ ਵੀ ਕਿਹਾ ਕਿ ਵਿੱਤੀ ਸਾਲ 2024-25 ਦੌਰਾਨ 1042.63 ਕਰੋੜ ਦੀ ਰਾਸ਼ੀ ਵੰਡੀ ਗਈ ਅਤੇ 6.47 ਲੱਖ ਲੋਕਾਂ ਨੂੰ ਇਸ ਸਕੀਮ ਅਧੀਨ ਕਵਰ ਕੀਤਾ ਗਿਆ। ਇਸ ਤਰ੍ਹਾਂ ਮੌਜੂਦਾ ਪੰਜਾਬ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੌਰਾਨ ਹੁਣ ਤੱਕ ਵਿਧਵਾ ਅਤੇ ਬੇਸਹਾਰਾ ਔਰਤਾਂ ਲਈ 3140.62 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ।

ਇਸ ਤੋਂ ਇਲਾਵਾ ਡਾ ਬਲਜੀਤ ਕੌਰ ਨੇ ਅੱਗੇ ਕਿਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੇਸਹਾਰਾ ਬੱਚਿਆਂ ਦੀ ਭਲਾਈ ਲਈ ਆਪਣੇ ਕਾਰਜਕਾਲ ਦੌਰਾਨ ਹੁਣ ਤੱਕ 1077.41 ਕਰੋੜ ਰੁਪਏ ਦੀ ਰਾਸ਼ੀ ਅਤੇ ਦਿਵਿਆਂਗਜਨਾਂ ਦੀ ਭਲਾਈ ਲਈ 1319.47 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ।

ਡਾ ਬਲਜੀਤ ਕੌਰ ਨੇ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਸਾਡੇ ਬਜ਼ੁਰਗ ਸਾਡਾ ਮਾਣ ਹਨ। ਇਸ ਲਈ ਸੂਬਾ ਸਰਕਾਰ ਆਪਣੇ ਬਜ਼ੁਰਗਾਂ ਦੀ ਭਲਾਈ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਹਨਾਂ ਸਭ ਉਪਰਾਲਿਆਂ ਦਾ ਉਦੇਸ਼ ਸੂਬੇ ਨੂੰ ਰੰਗਲਾ ਅਤੇ ਖੁਸ਼ਹਾਲ ਪੰਜਾਬ ਬਣਾਉਣਾ ਹੈ।

ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਚਲਾਈਆਂ ਜਾਣ ਵਾਲੀਆਂ ਸਕੀਮਾਂ ਦਾ ਸਬੰਧ ਲੋੜਵੰਦ ਅਤੇ ਗਰੀਬ ਲੋਕਾਂ ਨਾਲ ਹੈ। ਇਸ ਲਈ ਇਹਨਾਂ ਸਕੀਮਾਂ ਨੂੰ ਯੋਗ ਲਾਭਪਾਤਰੀਆਂ ਤੱਕ ਪਹੁੰਚਾਉਣ ਲਈ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਕੰਮ ਕਰਨਾ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਇਹਨਾਂ ਸਕੀਮਾਂ ਨੂੰ ਲਾਗੂ ਕਰਨ ਅਤੇ ਯੋਗ ਲਾਭਪਾਤਰੀਆਂ ਨੂੰ ਲਾਭ ਪਹੁੰਚਾਉਣ ਵਿੱਚ ਕਿਸੇ ਤਰ੍ਹਾਂ ਦੀ ਵੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਦੋਸ਼ੀ ਪਾਏ ਜਾਣ ਦੀ ਸੂਰਤ ਵਿੱਚ ਕਿਸੇ ਵੀ ਅਧਿਕਾਰੀ ਅਤੇ ਕਰਮਚਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ।

ਏ.ਡੀ.ਸੀ. ਵੱਲੋਂ ਸਟੇਟ ਬੈਂਕ ਆਫ਼ ਇੰਡੀਆ ਦੇ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਦੇ ਕੰਮ ਦਾ ਜਾਇਜ਼ਾ

ਪਟਿਆਲਾ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਡਾ. ਨਵਰੀਤ ਕੌਰ ਸੇਖੋਂ ਨੇ ਡੀ.ਐਲ.ਆਰ.ਏ.ਸੀ ਦੀ ਮੀਟਿੰਗ ਦੌਰਾਨ ਸਟੇਟ ਬੈਂਕ ਆਫ਼ ਇੰਡੀਆ ਦੇ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ, ਆਰਸੇਟੀ, ਪਟਿਆਲਾ ਦੇ ਕੰਮਾਂ ਦਾ ਜਾਇਜ਼ਾ ਲਿਆ। ਆਰਸੇਟੀ ਵਿਖੇ ਭਾਰਤ ਸਰਕਾਰ ਦੇ ਪੇਂਡੂ ਵਿਕਾਸ ਮੰਤਰਾਲੇ, ਪੰਜਾਬ ਸਰਕਾਰ ਅਤੇ ਸਟੇਟ ਬੈਂਕ ਆਫ਼ ਇੰਡੀਆ ਵੱਲੋਂ ਸਪਾਂਸਰ ਕੀਤੇ ਜਾ ਰਹੇ ਵੱਖ-ਵੱਖ ਪ੍ਰੋਗਰਾਮਾਂ ਦਾ ਜਾਇਜ਼ਾ ਲੈਣ ਮੌਕੇ ਏ.ਡੀ.ਸੀ ਨੇ ਕਿਹਾ ਕਿ ਸਟੇਟ ਬੈਂਕ ਆਫ ਇੰਡੀਆ ਪੇਂਡੂ ਸੈਵ-ਰੋਜ਼ਗਾਰ ਸਿਖਲਾਈ ਸੰਸਥਾ ਦੀ ਸਾਲਾਨਾ ਗਤੀਵਿਧੀ ਰਿਪੋਰਟ 2024-25 ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜਾਰੀ ਕੀਤੀ ਹੈ।

ਡੀ.ਐਲ.ਆਰ.ਏ.ਸੀ., ਪਟਿਆਲਾ ਦੀ ਚੇਅਰਪਰਸਨ ਨਵਰੀਤ ਕੌਰ ਸੇਖੋਂ ਨੇ ਕਿਹਾ ਕਿ ਆਰਸੇਟੀ ਦਾ ਮੁੱਖ ਉਦੇਸ਼ ਪੇਂਡੂ ਯੁਵਾ ਸ਼ਕਤੀ ਨੂੰ ਲਾਭਕਾਰੀ ਗਤੀਵਿਧੀਆਂ ਲਈ ਚਾਨਣਾ ਦੇਣਾ ਹੈ ਜੋ ਰਾਸ਼ਟਰ ਨਿਰਮਾਣ ਲਈ ਮਹੱਤਵਪੂਰਨ ਹੈ। ਉਨ੍ਹਾਂ ਨੇ ਕਿਹਾ ਕਿ ਪੇਂਡੂ ਸਵੈ-ਰੋਜ਼ਗਾਰ ਸਿਖਲਾਈ ਸੰਸਥਾਨ ਵਲੋਂ ਪ੍ਰਦਾਨ ਕੀਤੀ ਜਾਂਦੀ ਕੁਸ਼ਲ ਵਿਕਾਸ ਸਿਖਲਾਈ ਦੁਆਰਾ ਪੇਂਡੂ ਨੌਜਵਾਨਾਂ ਦੀ ਮਾਨਸਿਕਤਾ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਤ ਕੀਤਾ ਗਿਆ ਹੈ। ਸਿਖਲਾਈ ਵਿੱਚ ਪ੍ਰਾਪਤ ਕੀਤੇ ਹੁਨਰਾਂ ਅਤੇ ਸਕਾਰਾਤਮਕ ਮਾਨਸਿਕਤਾਵਾਂ ਅਤੇ ਆਤਮ-ਵਿਸ਼ਵਾਸ ਨੇ ਸਿਖਿਆਰਥੀਆਂ ਨੂੰ ਆਪਣੇ ਉੱਦਮ ਸਥਾਪਤ ਕਰਨ ਅਤੇ ਦੂਜਿਆਂ ਲਈ ਬਹੁਤ ਸਾਰੀਆਂ ਨੌਕਰੀਆਂ ਪੈਦਾ ਕਰਨ ਦੇ ਯੋਗ ਬਣਾਇਆ ਹੈ। ਇਸ ਉਦੇਸ਼ ਨੂੰ ਧਿਆਨ ਵਿਚ ਰੱਖਦਿਆਂ ਪੇਂਡੂ ਵਿਕਾਸ ਮੰਤਰਾਲੇ ਅਤੇ ਨੈਸ਼ਨਲ ਸੈਂਟਰ ਫਾਰ ਐਕਸੀਲੈਂਸ ਬੰਗਲੋਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ, ਐਸ ਬੀ ਆਈ ਪੇਂਡੂ ਸੈਵ-ਰੋਜ਼ਗਾਰ ਸਿਖਲਾਈ ਸੰਸਥਾਨ ਪਟਿਆਲਾ ਦੀ ਸਥਾਪਨਾ 01.11.2009 ਨੂੰ ਕੀਤੀ ਗਈ ਸੀ।

ਉਨ੍ਹਾਂ ਨੇ ਦੱਸਿਆ ਕਿ ਆਰਸੇਟੀ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਸਿਖਲਾਈ ਲਈ ਸਹੀ ਉਮੀਦਵਾਰਾਂ ਨੂੰ ਪ੍ਰੇਰਿਤ ਕਰਨ ਅਤੇ ਚੁਣਨ ਲਈ, ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚ ਉਦਮੀ ਜਾਗਰੂਕਤਾ ਪ੍ਰੋਗਰਾਮ (ਈ.ਏ.ਪੀ.) ਕਰਵਾਏ ਜਾਂਦੇ ਹਨ।

ਇਸ ਮੌਕੇ ਸਟੇਟ ਬੈਂਕ ਆਫ ਇੰਡੀਆ(ਆਰਸੇਟੀ) ਦੇ ਡਾਰੈਕਟਰ ਭਗਵਾਨ ਸਿੰਘ ਵਰਮਾ ਨੇ ਦੱਸਿਆ ਕਿ ਪੇਂਡੂ ਸੈਵ-ਰੋਜ਼ਗਾਰ ਸਿਖਲਾਈ ਸੰਸਥਾਨ ਪਟਿਆਲਾ ਰੋਜ਼ਗਾਰ ਪੈਦਾ ਕਰਨ ਲਈ ਸ਼ਾਨਦਾਰ ਕੰਮ ਕਰ ਰਿਹਾ ਹੈ। ਉਹਨਾਂ ਦੱਸਿਆ ਕਿ ਪੇਂਡੂ ਸੈਵ-ਰੋਜ਼ਗਾਰ ਸਿਖਲਾਈ ਸੰਸਥਾਨ ਨੇ 01.04.2024 ਤੋਂ 31.12.2024 ਤੱਕ 98 ਈ.ਏ.ਪੀ.ਲਗਾਏ ਹਨ। ਭਗਵਾਨ ਸਿੰਘ ਵਰਮਾ ਨੇ ਦੱਸਿਆ ਕਿ ਸਾਲ 2024-25 ਦੌਰਾਨ, ਪੇਂਡੂ ਸੈਵ-ਰੋਜ਼ਗਾਰ ਸਿਖਲਾਈ ਸੰਸਥਾਨ ਪਟਿਆਲਾ ਨੇ 858 ਉਮੀਦਵਾਰਾਂ ਨੂੰ ਸਿਖਲਾਈ ਦਿੱਤੀ। 01.04.2024 ਤੋਂ 31.12.2024 ਦੌਰਾਨ, 165 ਉਮੀਦਵਾਰਾਂ ਨੂੰ ਬੈਂਕ ਵਿੱਤ ਪ੍ਰਦਾਨ ਕੀਤਾ ਗਿਆ ਹੈ ਅਤੇ 612 ਉਮੀਦਵਾਰਾਂ ਨੇ ਸਵੈ-ਰੁਜ਼ਗਾਰ ਸ਼ੁਰੂ ਕੀਤਾ ਹੈ।

ਮੀਟਿੰਗ ਵਿੱਚ ਲੀਡ ਜ਼ਿਲ੍ਹਾ ਮੈਨੇਜਰ ਰਾਜੀਵ ਸਰਹਿੰਦੀ, ਨਾਬਾਰਡ ਦੇ ਡੀ.ਡੀ.ਐਮ ਪਰਮਿੰਦਰ ਕੌਰ ਨਾਗਰਾ, ਡੀ.ਆਈ.ਸੀ ਜ਼ਿਲ੍ਹਾ ਪ੍ਰੋਗਰਾਮ ਅਫਸਰ ਰੀਨਾ, ਜ਼ਿਲ੍ਹਾ ਪਲੇਸਮੈਂਟ ਦਫ਼ਤਰ ਪਵਨਦੀਪ ਸਿੰਘ ਅਤੇ ਪੇਂਡੂ ਸੈਵ-ਰੋਜ਼ਗਾਰ ਸਿਖਲਾਈ ਸੰਸਥਾਨ ਪਟਿਆਲਾ ਦੇ ਫੈਕਲਟੀ ਬਲਜਿੰਦਰ ਸਿੰਘ ਅਤੇ ਹਰਦੀਪ ਰਾਏ, ਅਜੀਤਇੰਦਰ ਸਿੰਘ ਹਾਜ਼ਰ ਸਨ।

ਫੂਡ ਸੇਫ਼ਟੀ ਅਧਿਕਾਰੀਆਂ ਵੱਲੋਂ ਬੇਕਰੀ ਨੂੰ ਨੋਟਿਸ ਜਾਰੀ

ਨਿਰਧਾਰਤ ਮਾਪਦੰਡਾਂ ਅਨੁਸਾਰ ਸੁਧਾਰ ਕਰਨ ਦੇ ਦਿੱਤੇ ਨਿਰਦੇਸ਼

ਜਲੰਧਰ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਖਾਣ-ਪੀਣ ਵਾਲੇ ਪਦਾਰਥਾਂ ਵਿੱਚ ਮਿਲਾਵਟ ਨੂੰ ਰੋਕਣ ਲਈ ਜਾਰੀ ਚੈਕਿੰਗ ਮੁਹਿੰਮ ਦੌਰਾਨ ਫੂਡ ਸੇਫ਼ਟੀ ਅਧਿਕਾਰੀਆਂ ਦੀ ਟੀਮ ਵੱਲੋਂ ਖਾਧ ਪਦਾਰਥਾਂ ਦੀ ਵਿਕਰੀ ਕਰਨ ਵਾਲੇ ਅਦਾਰਿਆਂ ਦਾ ਨਿਰੀਖਣ ਕੀਤਾ ਗਿਆ।

ਸਹਾਇਕ ਕਮਿਸ਼ਨਰ ਡਾ. ਹਰਜੋਤ ਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਧਿਕਾਰੀਆਂ ਦੀ ਟੀਮ, ਜਿਸ ਵਿੱਚ ਫੂਡ ਸੇਫ਼ਟੀ ਅਫ਼ਸਰ ਮੁਕੁਲ ਗਿੱਲ, ਰਜਨੀ ਰਾਣੀ ਅਤੇ ਅਨਿਲ ਸ਼ਾਮਲ ਸਨ, ਵੱਲੋਂ ਸਬਜ਼ੀ ਮੰਡੀ ਨੇੜੇ ਬਸਤੀ ਸ਼ੇਖ ਵਿਖੇ ਇਕ ਬੇਕਰੀ ਦਾ ਨਿਰੀਖਣ ਕੀਤਾ ਗਿਆ। ਨਿਰੀਖਣ ਦੌਰਾਨ ਕੁਝ ਕਮੀਆਂ ਪਾਏ ਜਾਣ 'ਤੇ ਟੀਮ ਵੱਲੋਂ ਬੇਕਰੀ ਸੰਚਾਲਕ ਨੂੰ ਨੋਟਿਸ ਜਾਰੀ ਕਰਦਿਆਂ ਨਿਰਧਾਰਤ ਮਾਪਦੰਡਾਂ ਅਨੁਸਾਰ ਸੁਧਾਰ ਕਰਨ ਦੇ ਨਿਰਦੇਸ਼ ਦਿੱਤੇ ਗਏ।

ਸਹਾਇਕ ਕਮਿਸ਼ਨਰ ਨੇ ਕਿਹਾ ਕਿ ਫੂਡ ਸੇਫ਼ਟੀ ਵਿਭਾਗ ਖਾਧ ਪਦਾਰਥਾਂ ਵਿੱਚ ਮਿਲਾਵਟ ਦੀ ਰੋਕਥਾਮ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਅਜਿਹੀਆਂ ਚੈਕਿੰਗਾਂ ਜਾਰੀ ਰਹਿਣਗੀਆਂ। ਉਨ੍ਹਾਂ ਖਾਣ-ਪੀਣ ਵਾਲੇ ਪਦਾਰਥਾਂ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਅਪੀਲ ਕੀਤੀ ਕਿ ਸਾਫ-ਸੁਥਰੇ ਅਤੇ ਗੁਣਵੱਤਾ ਭਰਪੂਰ ਖਾਧ ਪਦਾਰਥਾਂ ਦੀ ਹੀ ਵਿਕਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਮਿਲਾਵਟ ਕਰਨ ਵਾਲਿਆਂ ਖਿਲਾਫ਼ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼ਹੀਦਾਂ ਨੂੰ ਸਮਰਪਿਤ ਸਾਹਿਤਕ ਸਮਾਗਮ ਵਧੀਆ ਰਚਨਾਵਾਂ ਵਾਲੇ ਸਾਹਿਤਕਾਰਾਂ ਦਾ ਸਨਮਾਨ

ਪਾਤੜਾਂ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹੀਦੇ ਆਜ਼ਮ ਸ੍ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਸਿੱਖਿਆ ਦੇ ਖੇਤਰ ਵਿੱਚ ਵਿਲੱਖਣ ਪਹਿਛਾਣ ਰੱਖਣ ਵਾਲੀ ਸੰਸਥਾ ਬੱਤਰਾ ਅਕੈਡਮੀ ਵੱਲੋਂ ਪੰਜਾਬੀ ਸਾਹਿਤ ਸਭਾ ਪਾਤੜਾਂ (ਰਜਿ) ਦੇ ਸਹਿਯੋਗ ਨਾਲ ਨੌਜਵਾਨਾਂ ਵਿੱਚ ਸਾਹਿਤਕ ਰੁਚੀਆਂ ਪ੍ਰਫੁੱਲਿਤ ਕਰਨ ਲਈ ਸਾਹਿਤਕ ਸਮਾਗਮ ਦਾ ਆਯੋਜਨ ਕਰਵਾਇਆ ਗਿਆ। ਸਮਾਗਮ ਵਿੱਚ ਵੱਡੀ ਗਿਣਤੀ ਸਾਹਿਤਕ ਰੁਚੀ ਵਾਲੇ ਨੌਜਵਾਨ ਮੁੰਡੇ ਕੁੜੀਆਂ ਵੱਲੋਂ ਸ਼ਮੂਲੀਅਤ ਕਰਕੇ ਰਚਨਾਵਾਂ ਦੀ ਪੇਸ਼ਕਾਰੀ ਕੀਤੀ। ਜੱਜਾਂ ਦੀ ਭੂਮਿਕਾ ਪ੍ਰਧਾਨ ਤਰਸੇਮ ਸਿੰਘ ਖਾਸਪੁਰੀ, ਗੁਰਨਾਮ ਸਿੰਘ ਚੌਹਾਨ ਅਤੇ ਮਾਸਟਰ ਜਤਿੰਦਰ ਭਾਰਦਵਾਜ਼ ਨੇ ਨਿਭਾਈ। ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ ਪ੍ਰੋਫੈਸਰ ਪ੍ਰਭਜੋਤ ਸਿੰਘ ਘੱਗਾ ਨੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੀ ਸ਼ਖਸ਼ੀਅਤ ਦੇ ਵੱਖ-ਵੱਖ ਪਹਿਲੂਆਂ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਸਮੇਂ ਦੇ ਹਾਕਮਾਂ ਵਿਰੁੱਧ ਬਗਾਵਤ ਕਰਨ ਵਾਲਿਆਂ ਨੂੰ ਹਕੂਮਤਾਂ ਕਦੇ ਸਹਿਣ ਨਹੀਂ ਕਰਦੀਆਂ ਸਗੋਂ ਬਾਗੀਆਂ ਨੂੰ ਦਬਾਉਣ ਲਈ ਹਰ ਹੀਲਾ ਵਰਤਦੀਆਂ ਹਨ। ਉਹਨਾਂ ਕਿਹਾ ਕਿ ਸੱਤਾ ਵਿਰੋਧੀ ਚੱਲਣ ਵਾਲਿਆਂ ਦੀਆਂ ਵਿਚਾਰਧਰਾਵਾਂ ਵਿੱਚ ਅਸਮਾਨਤਾ ਹੋ ਸਕਦੀ ਹੈ ਪਰ ਸੱਤਾਧਾਰੀਆਂ ਵਿਰੁੱਧ ਗੱਲ ਕਰਨ ਵਾਲੇ ਸਦਾ ਹਕੂਮਤਾਂ ਦੇ ਨਿਸ਼ਾਨੇ ਉੱਤੇ ਰਹਿੰਦੇ ਹਨ। ਸਮਾਗਮ ਦੌਰਾਨ ਹਾਜ਼ਰ ਨੌਜਵਾਨ ਸਾਹਿਤਕਾਰਾਂ ਮਨਿੰਦਰਜੀਤ ਸਿੰਘ ਮੌਲਵੀਵਾਲਾ, ਰਵਨੀਤ ਕੌਰ ਪਾਤੜਾਂ, ਸੁਮਨ ਦੀਦ ਸ਼ੁਤਰਾਣਾ, ਵਿਨੋਦ ਕੁਮਾਰ, ਬਲਜਿੰਦਰ ਕੌਰ, ਸਿਮਰਨ ਕੌਰ, ਅਰੁਣ ਕੁਮਾਰ, ਅਨੁਰੰਜਣ ਰਾਣੀ , ਸ਼ੈਂਟੀ ਸਿੰਘ ਬਾਦਲਗੜ੍ਹ, ਲਵਨੀਤ ਕੌਰ, ਰਵੀਨਾ ਰਾਣੀ, ਲਖਵਿੰਦਰ ਰਾਮ, ਰਵਿੰਦਰ ਸਿੰਘ ਦਫਤਰੀਵਾਲਾ, ਮੁਸਕਾਨ ਰਾਣੀ, ਕੁਲਦੀਪ ਕੁਮਾਰ ਸ਼ਰਮਾ, ਗੁਰਜੀਤ ਸਿੰਘ ਮੂਨਕ, ਸਰਬਜੀਤ ਸਿੰਘ ਕੁਦਨੀ, ਪਰਮਜੀਤ ਕੌਰ ਚੁਨਾਗਰਾ, ਅਨੀਸ਼ਾ ਰਾਣੀ ਖਨੌਰੀ, ਨਵਜੋਤ ਕੌਰ, ਅਮਨਿੰਦਰ ਕੌਰ, ਜਸ਼ਨਦੀਪ ਸਿੰਘ, ਦਮਨਪ੍ਰੀਤ ਗਿੱਲ, ਜਸ਼ਨਦੀਪ ਦਿੜਬਾ, ਅੰਕਿਤ ਕੁਮਾਰ, ਬਲਜੀਤ ਸਿੰਘ, ਸੁਖਦੀਪ ਸਿੰਘ, ਹਰਮਨ ਕੌਰ ਹਰਿਆਊ, ਇੰਦਰਜੀਤ ਸਿੰਘ, ਮਨਿੰਦਰ ਕਾਫਰ, ਮਮਤਾ ਰਾਣੀ, ਰਮਨ ਧਨੋਆ ਅਤੇ ਮਮਤਾ ਰਾਣੀ ਯਾਦ ਨੇ ਰਚਨਾਵਾਂ ਪੇਸ਼ ਕੀਤੀਆਂ। ਜਿਨਾਂ ਵਿੱਚੋਂ ਪਰਮਜੀਤ ਕੌਰ ਚੁਨਾਗਰਾ ਅਤੇ ਅਨੁਰਾਧਾ ਨੇ ਪਹਿਲਾ ਸਥਾਨ, ਸੁਮਨ ਦੀਦ ਨੇ ਦੂਜਾ ਅਤੇ ਅਨੀਸ਼ਾ ਰਾਣੀ ਖਨੌਰੀ ਨੇ ਤੀਜਾ ਸਥਾਨ ਹਾਸਲ ਕੀਤਾ। ਜਿਨਾਂ ਨੂੰ ਬੱਤਰਾ ਅਕੈਡਮੀ ਵੱਲੋਂ ਟਰਾਫੀਆਂ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ? ਮੰਚ ਸੰਚਾਲਨ ਰਵੀ ਘੱਗਾ ਨੇ ਬਾਖੂਬੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੇਵਾ ਮੁਕਤ ਪ੍ਰਿੰਸੀਪਲ ਬੇਅੰਤ ਸਿੰਘ ਧਾਲੀਵਾਲ, ਭੂਪਿੰਦਰਜੀਤ ਮੌਲਵੀਵਾਲਾ, ਹਰਪਾਲ ਸਨੇਹੀ ਘੱਗਾ, ਲਾਲ ਸਿੰਘ ਚੋਪੜਾ, ਪ

ਸਫ਼ੈਦ ਤੇ ਸੰਤਰੀ ਰੰਗ ਦੇ ਨਿੱਕੇ-ਨਿੱਕੇ ਫੁੱਲਾਂ ਨਾਲ ਲੱਦਿਆ ਹਾਰ-ਸ਼ਿੰਗਾਰ ਦਾ ਰੁੱਖ ਜਿੱਥੇ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ ਉੱਥੇ ਖ਼ੁਸ਼ਬੂ ਨਾਲ ਵਾਤਾਵਰਨ ਨੂੰ ਮਹਿਕਾਉਂਦਾ ਹੈ...

ਜਾਣੇ-ਪਛਾਣੇ ਰੁੱਖ
ਹਾਰ-ਸ਼ਿੰਗਾਰ

ਭਾਰਤ ਦੇ ਕੁਝ ਹਿੱਸਿਆਂ ਵਿਚ 'ਹਾਰ ਸ਼ਿੰਗਾਰ' ਦੇ ਰੁੱਖ ਨੂੰ ਪ੍ਰਚਲਿਤ ਭਾਸ਼ਾ ਵਿਚ 'ਰਾਤ ਦੀ ਰਾਣੀ' ਵੀ ਆਖਦੇ ਹਨ। ਇਹ ਇਸ ਗੱਲ ਦਾ ਸੰਕੇਤ ਹੈ ਕਿ ਇਸ ਰੁੱਖ ਉੱਪਰ ਸ਼ਾਮ ਵੇਲੇ ਫੁੱਲ ਖਿੜਦੇ ਹਨ ਅਤੇ ਸਾਰੀ ਰਾਤ ਬਹੁਤ ਸੁਖਾਵੀਂ ਅਤੇ ਜ਼ੋਰਦਾਰ ਮਹਿਕ ਖਿਲਾਰਦੇ ਹਨ। ਦਿਨ ਚੜ੍ਹਨ ਵੇਲੇ ਇਸ ਦੇ ਫੁੱਲ ਝੜ ਜਾਂਦੇ ਹਨ।

ਵੰਡ

ਇਹ ਰੁੱਖ ਹਿਮਾਲਿਆ ਪਰਬਤ ਦੀਆਂ ਨੀਵੀਆਂ ਪਹਾੜੀਆਂ ਤੋਂ ਲੈ ਕੇ ਦੱਖਣ ਤਕ ਸਮੁੱਚੇ ਭਾਰਤ ਵਿਚ ਪਾਇਆ ਜਾਂਦਾ ਹੈ। ਪੰਜਾਬ ਦੇ ਬਹੁਤ ਸਾਰੇ ਇਲਾਕਿਆਂ, ਖ਼ਾਸਕਰ ਬਾਗ਼-ਬਗ਼ੀਚਿਆਂ ਵਿਚ ਜੇ ਤੁਹਾਨੂੰ ਸਵੇਰ ਦੀ ਸੈਰ ਵੇਲੇ ਕੋਈ ਅਜਿਹਾ ਰੁੱਖ ਨਜ਼ਰ ਆਵੇ, ਜਿਸ ਦੇ ਹੇਠਾਂ ਸਫ਼ੈਦ ਤੇ ਸੰਤਰੀ ਰੰਗ ਦੇ ਫੁੱਲ ਕਿਰ ਕੇ ਇਕ ਚਾਦਰ ਵਾਂਗ ਵਿਛੇ ਹੋਣ ਦਾ ਝਾਉਣਾ ਪਾਉਣ ਤਾਂ ਸਮਝ ਲਵੋ ਕਿ ਇਹ ਹਾਰ-ਸ਼ਿਗਾਰ ਦਾ ਹੀ ਰੁੱਖ ਹੈ। ਇਸ ਦੇ ਫੁੱਲਾਂ ਦੀ ਬੇਹੱਦ ਆਕਰਸ਼ਕ ਸੁਗੰਧੀ ਇਸ ਨੂੰ ਬਾਗ਼-ਬਗ਼ੀਚਿਆਂ

ਵਿਚ ਦੂਸਰੇ ਰੁੱਖਾਂ ਦੇ ਮੁਕਾਬਲੇ ਆਦਰਯੋਗ ਸਥਾਨ ਬਖ਼ਸ਼ਦੀ ਹੈ।

ਆਕਾਰ

ਹਾਰ-ਸ਼ਿੰਗਾਰ ਦੇ ਰੁੱਖ ਦੀ ਲੱਕੜੀ ਕਾਫ਼ੀ ਸਖ਼ਤ ਹੁੰਦੀ ਹੈ, ਇਸ ਲਈ ਇਹ ਜ਼ਿਆਦਾ ਉੱਚਾ ਨਹੀਂ ਹੁੰਦਾ ਤੇ ਮੁਸ਼ਕਿਲ ਨਾਲ ਚਾਰ ਮੀਟਰ ਦੀ ਉਚਾਈ ਤਕ ਹੀ ਵਧਦਾ ਹੈ। ਇਸ ਦੇ ਪੱਤੇ ਟਾਹਣੀ ਉੱਪਰ ਇਕ-ਦੂਜੇ ਦੇ ਸਾਹਮਣੇ ਜੋੜਿਆਂ ਦੇ ਰੂਪ ਵਿਚ ਨਿਕਲਦੇ ਹਨ। ਪੱਤੇ ਉੱਪਰਲੇ ਪਾਸਿਓਂ ਖੁਰਦਰੇ ਹੁੰਦੇ ਹਨ ਅਤੇ ਮੁੱਢ ਵਾਲੇ ਪਾਸਿਓਂ ਲੂੰ-ਦਾਰ ਹੁੰਦੇ ਹਨ ਪਰ ਪੱਤੇ ਦਾ ਹੇਠਲਾ ਪਾਸਾ ਨਰਮ ਹੁੰਦਾ ਹੈ। ਫੁੱਲ 3 ਤੋਂ 5 ਦੇ ਗੁੱਛਿਆਂ ਵਿਚ ਪੱਤਿਆਂ ਦੇ ਮੁੱਢਾਂ ਕੋਲ ਜਾਂ ਟਾਹਣੀਆਂ ਦੇ ਸਿਰਿਆਂ ਉੱਪਰ ਲਗਦੇ ਹਨ। ਫੁੱਲਾਂ ਦੀ ਸੁਗੰਧ ਕਾਫ਼ੀ ਹੱਦ ਤਕ ਮੋਤੀਏ ਦੇ ਫੁੱਲਾਂ ਵਰਗੀ ਹੁੰਦੀ ਹੈ। ਫੁੱਲ ਦੀਆਂ ਪੰਖੜੀਆਂ ਸਫ਼ੈਦ ਰੰਗ ਦੀਆਂ ਹੁੰਦੀਆਂ ਪਰ ਪੁਸ਼ਪ-ਪੰਜ ਤੇ ਫੁੱਲ ਦੀ ਡੰਡੀ ਸੰਤਰੀ ਜਾਂ ਕੇਸਰੀ ਰੰਗ ਦੇ ਹੁੰਦੇ ਹਨ। ਫਲ਼ ਨਿੱਕੀਆਂ-ਨਿੱਕੀਆਂ ਡੋਡੀਆਂ ਦੇ ਰੂਪ ਵਿਚ ਲਗਦੇ ਹਨ ਅਤੇ ਗੋਲ ਆਕਾਰ ਦੇ ਹੁੰਦੇ ਹਨ। ਇਸ ਦੇ ਪੱਤੇ ਖ਼ੁਰਦਰੇ ਹੋਣ ਕਾਰਨ ਦੇਸ਼ ਦੇ ਕੁਝ ਖੇਤਰਾਂ ਵਿਚ ਨਰਮ ਲੱਕੜੀ ਨੂੰ ਚੰਗੀ ਦਿੱਖ ਦੇਣ ਲਈ ਰੇਗਮਾਰ (ਸੈਂਡ-ਪੇਪਰ) ਦੇ ਤੌਰ 'ਤੇ ਵਰਤੇ ਜਾਂਦੇ ਹਨ।

ਖੇਤੀ

ਇਹ ਰੁੱਖ ਬਾਗ਼-ਬਗ਼ੀਚਿਆਂ, ਘਰਾਂ ਨੇੜਲੀਆਂ ਖ਼ਾਲੀ ਥਾਵਾਂ 'ਤੇ ਖ਼ੂਬਸੂਰਤੀ ਲਈ ਬੀਜੇ ਜਾਂਦੇ ਹਨ। ਇਸ ਨੂੰ ਕਿਸੇ ਕਿਸਮ ਦੀ ਜ਼ਮੀਨ ਵਿਚ ਬੀਜ ਜਾਂ ਪਨੀਰੀ ਲਾ ਕੇ ਉਗਾਇਆ ਜਾ ਸਕਦਾ ਹੈ।

ਧਾਰਮਿਕ ਅਹਿਮੀਅਤ

ਹਾਰ-ਸ਼ਿੰਗਾਰ ਦੇ ਫੁੱਲ ਹਿੰਦੂ ਧਰਮ ਵਿਚ ਪੂਜਾ-ਪਾਠ ਲਈ ਵਰਤੇ ਜਾਂਦੇ ਹਨ। ਭਗਵਾਨ ਸ੍ਰੀ ਕਿਸ਼ਨ ਜੀ ਨਾਲ ਸਬੰਧਤ ਧਾਰਮਿਕ ਸਮਾਗਮਾਂ ਵਿਚ ਇਨ੍ਹਾਂ ਦੀ ਖ਼ਾਸ ਤੌਰ 'ਤੇ ਵਰਤੋਂ ਕੀਤੀ ਜਾਂਦੀ ਹੈ। ਮੰਨਿਆ ਜਾਂਦਾ ਹੈ ਕਿ ਸ੍ਰੀ ਕਿਸ਼ਨ ਜੀ ਇਹ ਰੁੱਖ ਆਪਣੀ ਪਤਨੀ ਸੱਤਿਆਭਾਮਾ ਲਈ ਸਵਰਗ ਤੋਂ ਧਰਤੀ 'ਤੇ ਲੈ ਕੇ ਆਏ ਸਨ। 'ਵਿਸ਼ਨੂੰ ਪੁਰਾਣ' ਵਿਚ ਵੀ ਇਸ ਰੁੱਖ ਦਾ ਜ਼ਿਕਰ ਇਸ ਪ੍ਰਕਾਰ ਆਇਆ ਹੈ ਕਿ 'ਇਹ ਝਾੜੀ ਇਕ ਰਾਜੇ ਦੀ ਧੀ ਸੀ, ਜਿਸ ਦਾ ਨਾਂ ਪਾਰੀਜਾਤਕ ਸੀ। ਉਸ ਦਾ ਸੂਰਜ ਦੇਵਤਾ ਨਾਲ ਪ੍ਰੇਮ ਹੋ ਗਿਆ, ਜਿਸ ਨੇ ਛੇਤੀ ਹੀ ਉਸ ਵੱਲੋਂ ਮੂੰਹ ਮੋੜ ਲਿਆ। ਇਸ 'ਤੇ ਉਸ ਨੇ ਖ਼ੁਦਕੁਸ਼ੀ ਕਰ ਲਈ। ਪਾਰੀਜਾਕਤ ਨੂੰ ਸਾੜੇ ਜਾਣ ਤੋਂ ਬਾਅਦ ਉਸ ਦੀ ਰਾਖ ਵਿਚੋਂ ਇਹ ਝਾੜੀ ਉੱਗੀ ਸੀ। ਇਸੇ ਲਈ ਇਹ ਝਾੜੀ ਸਵੇਰੇ ਸੂਰਜ ਦੀ ਰੌਸ਼ਨੀ ਆਉਂਦਿਆਂ ਹੀ ਆਪਣੇ ਫੁੱਲ ਕੇਰ ਦਿੰਦੀ ਹੈ, ਕਿਉਂਕਿ ਉਸ ਨੂੰ ਸੂਰਜ ਦੀ ਤੱਕਣੀ ਬਰਦਾਸ਼ਤ ਨਹੀਂ। ਇਹ ਗਾਥਾ ਇਸ ਦੇ ਵਿਗਿਆਨਕ ਨਾਂ 'ਆਰਬੋਰ ਟ੍ਰਾਈਸਟਿਸ' ਭਾਵ 'ਉਦਾਸ ਰੁੱਖ' ਦੀ ਬੁਨਿਆਦ ਹੋ ਸਕਦੀ ਹੈ।

• ਫੀਚਰ ਡੈਸਕ

ਨਾਂ

ਇਸ ਨੂੰ ਹਿੰਦੀ ਅਤੇ ਪੰਜਾਬੀ ਵਿਚ 'ਹਾਰ-ਸ਼ਿੰਗਾਰ', 'ਹਾਰ' ਅਤੇ 'ਸਾਹਰਵਾ' ਆਖਦੇ ਹਨ ਜਦਕਿ ਤਮਿਲ ਵਿਚ 'ਮਾਂਜਾਪੂ' ਅਤੇ ਮਰਾਠੀ ਵਿਚ 'ਪਾਰੀਜਾਤਕ' ਆਖਦੇ ਹਨ। ਇਸ ਦਾ ਵਿਗਿਆਨਕ ਨਾਂ 'ਨਿਕਟੈਨਥੈਸ ਆਰਬੋਰ ਟ੍ਰਾਈਸਟਿਸ' ਹੈ। ਇਸ ਦਾ ਜਾਤੀਗਤ ਨਾਂ 'ਨਿਕਟੈਨਥੈਸ' ਯੂਨਾਨੀ ਭਾਸ਼ਾ ਤੋਂ ਆਇਆ ਹੈ, ਜਿਸ ਦਾ ਅਰਥ ਹੁੰਦਾ ਹੈ – 'ਰਾਤ ਦਾ ਫੁੱਲ' ਅਤੇ ਵਿਸ਼ੇਸ਼ ਨਾਂ 'ਆਰਬੋਰ ਟ੍ਰਾਈਸਟਿਸ' ਦਾ ਅਰਥ ਹੈ – 'ਉਦਾਸ ਰੁੱਖ।'

• ਸੁਖੇਂਦੂ ਸ਼ਰਮਾ, ਪਰਮਿੰਦਰ ਸਿੰਘ ਸ਼ੇਰਾ
97800-10958

ਹਾੜੀ ਦੀਆਂ ਫ਼ਸਲਾਂ
ਮਿੱਤਰ ਕੀੜਿਆਂ ਦੀ ਸਾਂਭ-ਸੰਭਾਲ

ਸਾਵਧਾਨੀਆਂ

- ਫ਼ਸਲੀ ਰਹਿੰਦ-ਖੂੰਹਦ ਨੂੰ ਨਾ ਸਾੜੋ, ਇਸ ਨਾਲ ਮਿੱਤਰ ਕੀੜੇ ਮਰ ਜਾਂਦੇ ਹਨ।
- ਕੀਟਨਾਸ਼ਕਾਂ ਦੀ ਵਰਤੋਂ ਜ਼ਰੂਰਤ ਅਨੁਸਾਰ ਕਰੋ।
- ਜ਼ਿਆਦਾ ਜ਼ਹਿਰੀਲੇ ਕੀਟਨਾਸ਼ਕਾਂ ਦੀ ਵਰਤੋਂ ਤੋਂ ਗੁਰੇਜ਼ ਕਰੋ। ਇਹ ਮਿੱਤਰ ਕੀੜਿਆਂ ਨੂੰ ਨੁਕਸਾਨ ਪੰਹੁਚਾ ਸਕਦੇ ਹਨ।
- ਗ਼ੈਰ ਸਿਫ਼ਾਰਸ਼ੀ ਤੇ ਮਿਆਦ ਪੁਗਾ ਚੁੱਕੇ ਕੀਟਨਾਸ਼ਕ ਨਾ ਵਰਤੋ।
- ਕੀਟਨਾਸ਼ਕਾਂ ਦੇ ਮਿਸ਼ਰਣ ਬਣਾ ਕੇ ਛਿੜਕਾਅ ਨਾ ਕਰੋ।

ਫ਼ਸਲਾਂ ਉੱਪਰ ਦੁਸ਼ਮਣ ਕੀੜਿਆਂ ਦੇ ਨਾਲ-ਨਾਲ ਬਹੁਤ ਸਾਰੇ ਮਿੱਤਰ ਕੀੜੇ ਵੀ ਪਲਦੇ ਹਨ। ਇਨ੍ਹਾਂ ਮਿੱਤਰ ਕੀੜਿਆਂ 'ਚ ਪਰਭਕਸ਼ੀ ਕੀੜੇ, ਪਰਜੀਵੀ ਕੀੜੇ ਤੇ ਹਾਨੀਕਾਰਕ ਕੀੜਿਆਂ ਨੂੰ ਲੱਗਣ ਵਾਲੇ ਵਿਸ਼ਾਣੂ ਸ਼ਾਮਲ ਹਨ। ਇਹ ਮਿੱਤਰ ਕੀੜੇ ਫ਼ਸਲਾਂ ਨੂੰ ਖਾਣ ਵਾਲੇ ਹਾਨੀਕਾਰਕ ਕੀੜਿਆਂ ਦਾ ਖ਼ਾਤਮਾ ਕਰ ਕੇ ਕੁਦਰਤ 'ਚ ਸੰਤੁਲਨ ਬਣਾਈ ਰੱਖਣ 'ਚ ਮਦਦ ਕਰਦੇ ਹਨ ਪਰ ਕੀਟਨਾਸ਼ਕਾਂ ਦੀ ਬੇਲੋੜੀ ਵਰਤੋਂ ਇਸ ਸਮਤੋਲ 'ਚ ਵਿਗਾੜ ਪੈਦਾ ਕਰ ਦਿੰਦੀ ਹੈ। ਕੀਟਨਾਸ਼ਕਾਂ ਦੇ ਵਾਤਾਵਰਨ ਉੱਪਰ ਮਾੜੇ ਅਸਰ ਨੂੰ ਧਿਆਨ 'ਚ ਰੱਖਦੇ ਹੋਏ, ਮਿੱਤਰ ਕੀੜਿਆਂ ਦੀ ਅਹਿਮੀਅਤ ਬਾਰੇ ਜਾਣਕਾਰੀ ਹੋਣੀ ਲਾਜ਼ਮੀ ਹੈ। ਹਾੜੀ ਦੀਆਂ ਫ਼ਸਲਾਂ 'ਚ ਪਾਏ ਜਾਣ ਵਾਲੇ ਮਿੱਤਰ ਕੀੜਿਆਂ ਦੀ ਜਾਣ-ਪਛਾਣ ਤੇ ਸਾਂਭ-ਸੰਭਾਲ ਇਸ ਪ੍ਰਕਾਰ ਕੀਤੀ ਜਾ ਸਕਦੀ ਹੈ :

ਪਰਭਕਸ਼ੀ ਕੀੜੇ

ਇਹ ਮਿੱਤਰ ਕੀੜੇ ਦੁਸ਼ਮਣ ਕੀੜਿਆਂ ਨੂੰ ਮਾਰ ਕੇ ਖਾ ਜਾਂਦੇ ਹਨ। ਇਕ ਪਰਭਕਸ਼ੀ ਕੀੜਾ ਬਹੁਤ ਸਾਰੇ ਦੁਸ਼ਮਣ ਕੀੜਿਆਂ ਨੂੰ ਖਾ ਕੇ ਆਪਣਾ ਜੀਵਨ ਚੱਕਰ ਪੂਰਾ ਕਰਦਾ ਹੈ। ਆਓ, ਜਾਣਦੇ ਹਾਂ ਹਾੜੀ ਦੀਆਂ ਫ਼ਸਲਾਂ 'ਚ ਪਾਏ ਜਾਣ ਵਾਲੇ ਪਰਭਕਸ਼ੀ ਮਿੱਤਰ ਕੀੜਿਆਂ ਬਾਰੇ :

ਲੇਡੀ ਬਰਡ ਭੂੰਡੀਆਂ : ਇਹ ਗੋਲ ਜਾਂ ਲੰਬੂਤਰੇ ਆਕਾਰ ਦੀਆਂ ਹੁੰਦੀਆਂ ਹਨ। ਬਾਲਗ ਭੂੰਡੀਆਂ ਦੇ ਖੰਭ ਸਖ਼ਤ, ਚਮਕਦਾਰ, ਲਾਲ, ਪੀਲੇ ਜਾਂ ਸੰਤਰੀ ਹੁੰਦੇ ਹਨ। ਇਨ੍ਹਾਂ ਦੀਆਂ ਸੁੰਡੀਆਂ (ਗਰਬਜ਼) ਲੰਬੀਆਂ ਤੇ ਚਪਟੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਸਰੀਰ ਉੱਪਰ ਛੋਟੇ-ਛੋਟੇ ਕੰਡੇ ਹੁੰਦੇ ਹਨ। ਇਹ ਭੂੰਡੀਆਂ ਤੇ ਇਨ੍ਹਾਂ ਦੀਆਂ ਸੁੰਡੀਆਂ ਕਣਕ ਤੇ ਸਰ੍ਹੋਂ ਦੀ ਫ਼ਸਲ ਉੱਤੇ ਚੇਪੇ ਨੂੰ ਖਾਂਦੀਆਂ ਹਨ।

ਸੱਤ-ਟਿਮਕਣਿਆਂ ਵਾਲੀ ਭੂੰਡੀ : ਇਹ ਭੂੰਡੀਆਂ ਮਟਰ ਦੇ ਅੱਧੇ ਬੀਜ ਵਰਗੀਆਂ, ਪੀਲੇ-ਭੂਰੇ ਤੇ ਲਾਲ ਰੰਗ ਦੀਆਂ ਹੁੰਦੀਆਂ ਹਨ। ਇਨ੍ਹਾਂ ਦੇ ਉੱਪਰਲੇ ਦੋਵੇਂ ਖੰਭ ਸਖ਼ਤ ਹੁੰਦੇ ਹਨ ਤੇ ਖੰਭਾਂ ਉੱਪਰ ਸੱਤ ਕਾਲੇ ਟਿਮਕਣੇ ਹੁੰਦੇ ਹਨ। ਮਾਦਾ ਭੂੰਡੀ ਪੱਤਿਆਂ ਦੇ ਹੇਠ ਝੁੰਡਾਂ ਵਿਚ ਆਂਡੇ ਦਿੰਦੀ ਹੈ। ਆਂਡਿਆਂ 'ਚੋਂ ਕਾਲੇ ਰੰਗ ਦੇ ਲੰਬੇ, ਅੱਗੋਂ ਤੇ ਪਿੱਛੋਂ ਪਤਲੇ ਤੇ ਵਿਚਕਾਰੋਂ ਮੋਟੇ ਲਾਰਵੇ ਨਿਕਲਦੇ ਹਨ, ਜਿਨ੍ਹਾਂ ਦੀਆਂ ਛੇ ਲੱਤਾਂ ਹੁੰਦੀਆਂ ਹਨ। ਇਹ ਭੂੰਡੀਆਂ ਦੁਸ਼ਮਣ ਕੀੜਿਆਂ ਨੂੰ ਖਾਂਦੀਆਂ ਹਨ।

ਤਿੰਨ ਧਾਰੀ ਭੂੰਡੀ : ਬਾਲਗ ਭੂੰਡੀਆਂ ਦਾ ਸਿਰ ਪੀਲਾ ਹੁੰਦਾ ਹੈ, ਉੱਪਰਲੇ ਖੰਭ ਹਲਕੇ ਪੀਲੇ ਤੇ ਲੰਬੀਆਂ ਕਾਲੀਆਂ ਧਾਰੀਆਂ ਵਾਲੇ ਹੁੰਦੇ ਹਨ। ਇਸ ਦੀਆਂ ਸੁੰਡੀਆਂ ਸਲੇਟੀ ਰੰਗ ਦੀਆਂ ਹੁੰਦੀਆਂ ਹਨ ਤੇ ਇਨ੍ਹਾਂ ਦੇ ਸਰੀਰ ਦੇ ਦੋਵੇਂ ਪਾਸੇ ਕੰਡੇ ਹੁੰਦੇ ਹਨ।

ਵਿੰਗੀਆਂ ਧਾਰੀਆਂ ਵਾਲੀ ਭੂੰਡੀ : ਇਸ ਪ੍ਰਜਾਤੀ ਦੀਆਂ ਬਾਲਗ ਭੂੰਡੀਆਂ ਗੋਲਾਕਾਰ ਹੁੰਦੀਆਂ ਹਨ। ਇਨ੍ਹਾਂ ਦਾ ਸਿਰ ਪੀਲਾ, ਉੱਪਰਲੇ ਖੰਭ ਸੰਤਰੀ, ਹਲਕੇ ਲਾਲ, ਪੀਲੇ ਜਾਂ ਗੁਲਾਬੀ ਹੁੰਦੇ ਹਨ। ਖੰਭਾਂ ਉੱਪਰ ਵਿੰਗੀਆਂ-ਟੇਢੀਆਂ ਕਾਲੀਆਂ ਧਾਰੀਆਂ ਤੇ ਦੋ ਟਿਮਕਣੇ ਹੁੰਦੇ ਹਨ। ਇਨ੍ਹਾਂ ਦੇ ਕੋਏ ਪੀਲੇ ਹੁੰਦੇ ਹਨ ਜਿਨ੍ਹਾਂ ਉਪਰ ਕਾਲੇ ਰੰਗ ਦੇ ਚਟਾਕ ਹੁੰਦੇ ਹਨ।

ਗਰੀਨ ਲੇਸ ਵਿੰਗ : ਇਹ ਪਾਰਦਰਸ਼ੀ ਤੇ ਚਮਕੀਲੇ ਖੰਭਾਂ ਵਾਲਾ ਪਤਲਾ ਜਿਹਾ ਪਰਭਕਸ਼ੀ ਕੀੜਾ ਹੈ। ਖੰਭ ਪਤਲੇ ਤੇ ਨਾੜੀਦਾਰ ਹੁੰਦੇ ਹਨ। ਇਹ ਹਲਕੇ ਪੀਲੇ ਜਾਂ ਹਰੇ ਰੰਗ ਦੇ ਆਂਡੇ ਪੱਤਿਆਂ ਜਾਂ ਲੰਬੀਆਂ ਡੰਡੀਆਂ ਦੇ ਸਿਰਿਆਂ 'ਤੇ ਦਿੰਦਾ ਹੈ। ਲਾਰਵਾ ਕਿਸ਼ਤੀ ਦੇ ਆਕਾਰ ਦਾ, ਹਰੇ ਜਾਂ ਪੀਲੇ ਰੰਗ ਦਾ ਹੁੰਦਾ ਹੈ, ਜਿਸ ਉੱਪਰ ਗੂੜ੍ਹੇ ਭੂਰੇ ਦਾਗ਼ ਹੁੰਦੇ ਹਨ। ਧੜ ਤੇ ਪੇਟ ਦੇ ਸਾਰੇ ਹਿੱਸਿਆਂ 'ਤੇ ਵਾਲ ਹੁੰਦੇ ਹਨ। ਇਸ ਕੀੜੇ ਦੀਆਂ ਸੁੰਡੀਆਂ ਚੇਪਾ, ਤੇਲਾ ਤੇ ਹੋਰ ਨਰਮ ਕੀੜੇ ਖਾਂਦੀਆਂ ਹਨ।

ਸਿਰਫਿਡ ਮੱਖੀ : ਇਸ ਦਾ ਬਾਲਗ ਸ਼ਹਿਦ ਦੀ ਮੱਖੀ ਵਰਗਾ ਹੁੰਦਾ ਹੈ ਪਰ ਇਸ ਦੇ ਸਿਰਫ਼ ਦੋ ਖੰਭ ਹੁੰਦੇ ਹਨ। ਸਰੀਰ ਉੱਪਰ ਪੀਲੀਆਂ, ਕਾਲੀਆਂ ਜਾਂ ਚਿੱਟੀਆਂ ਧਾਰੀਆਂ ਹੁੰਦੀਆਂ ਹਨ। ਸਿਰਫਿਡ ਮੱਖੀ ਦੇ ਬਾਲਗ ਬੂਟਿਆਂ ਦੇ ਪਰਾਗ-ਕਣ, ਨੈਕਟਰ ਤੇ ਚੇਪਿਆਂ ਰਾਹੀਂ ਛੱਡੀਆਂ ਗਈਆਂ ਸ਼ਹਿਦ-ਬੂੰਦਾਂ ਨੂੰ ਖਾਂਦੇ ਹਨ। ਇਸ ਮੱਖੀ ਨੂੰ ਚੇਪੇ ਦੀਆਂ ਕਾਲੋਨੀਆਂ ਉੱਪਰ ਉਡਾਰੀ ਲਗਾਉਂਦਿਆਂ ਆਮ ਵੇਖਿਆ ਜਾ ਸਕਦਾ ਹੈ। ਇਸ ਦੀਆਂ ਸੁੰਡੀਆਂ ਇਕ ਸਿਰੇ ਤੋਂ ਮੋਟੀਆਂ ਤੇ ਦੂਜੇ ਤੋਂ ਪਤਲੀਆਂ ਹੁੰਦੀਆਂ ਹਨ। ਇਹ ਚਮਕਦਾਰ ਹਰੇ ਜਾਂ ਪੀਲੇ ਰੰਗ ਦੀਆਂ ਹੁੰਦੀਆਂ ਹਨ, ਜਿਨ੍ਹਾਂ ਉੱਪਰ ਲੰਬੀ ਧਾਰੀ ਹੁੰਦੀ ਹੈ। ਇਹ ਕਣਕ ਤੇ ਸਰ੍ਹੋਂ ਦੇ ਚੇਪੇ ਨੂੰ ਖਾਂਦੀਆਂ ਹਨ।

ਪਰਜੀਵੀ ਕੀੜੇ

ਇਹ ਮਿੱਤਰ ਕੀੜੇ ਹਾਨੀਕਾਰਕ ਕੀੜਿਆਂ ਦੇ ਉੱਪਰ ਜਾਂ ਸਰੀਰ ਦੇ ਅੰਦਰ ਰਹਿ ਕੇ ਜੀਵਨ ਚੱਕਰ ਪੂਰਾ ਕਰਦੇ ਹਨ ਤੇ ਅੰਤ ਉਸ ਨੂੰ ਮਾਰ ਦਿੰਦੇ ਹਨ।

ਕੋਟੇਸੀਆ ਜਾਂ ਏਪੈਂਟਲੀਜ਼ ਭਰਿੰਡ : ਇਹ ਪਰਜੀਵੀ ਕੀੜੇ ਛੋਲਿਆਂ ਤੇ ਬੰਦ ਗੋਭੀ ਦੀਆਂ ਸੁੰਡੀਆਂ ਵਿਚ ਪਰਜੀਵੀਕਰਨ ਕਰਦੇ ਹਨ। ਇਨ੍ਹਾਂ ਦੇ ਬਾਲਗ ਛੋਟੇ, ਕਾਲੇ ਸਰੀਰ ਤੇ ਪੀਲੀਆਂ ਲੱਤਾਂ ਵਾਲੇ ਹੁੰਦੇ ਹਨ। ਇਨ੍ਹਾਂ ਦੀਆਂ ਟੋਹ-ਸਿੰਗੀਆਂ ਵੱਡੀਆਂ ਹੁੰਦੀਆਂ ਹਨ। ਪਾਰਦਰਸ਼ੀ ਖੰਭਾਂ ਉਪਰ ਇਕ-ਇਕ ਟਿਮਕਣਾ ਹੁੰਦਾ ਹੈ। ਮਾਦਾ ਆਪਣੇ ਆਂਡੇ ਦੁਸ਼ਮਣ ਕੀੜਿਆਂ ਦੀਆਂ ਸੁੰਡੀਆਂ ਦੇ ਸਰੀਰ ਵਿਚ ਦਿੰਦੀਆਂ ਹਨ। ਕੋਟੇਸੀਆ ਦੀ ਸੁੰਡੀ ਹਾਨੀਕਾਰਕ ਸੁੰਡੀਆਂ ਦੇ ਅੰਦਰ ਪਲਦੀ ਹੈ ਤੇ ਉਸ ਨੂੰ ਅੰਦਰੋ-ਅੰਦਰੀ ਖਾ ਕੇ ਨਸ਼ਟ ਕਰ ਦਿੰਦੀ ਹੈ। ਇਸ ਪਰਜੀਵੀ ਦੀਆਂ ਸੁੰਡੀਆਂ ਮਰੀ ਹੋਈ ਸੁੰਡੀ ਦੇ ਸਰੀਰ 'ਚੋਂ ਨਿਕਲ ਕੇ ਛੋਟੇ-ਛੋਟੇ ਚਿੱਟੇ ਰੰਗ ਦੇ ਕਕੂਨਾਂ ਦੀ ਸ਼ਕਲ ਧਾਰਨ ਕਰ ਲੈਂਦੀਆਂ ਹਨ। ਚਿੱਟੇ ਰੰਗ ਦੇ ਇਨ੍ਹਾਂ ਕਕੂਨਾਂ ਵਿਚੋਂ ਇਸ ਦੇ ਬਾਲਗ ਨਿਕਲਦੇ ਹਨ।

ਏਫਿਡੀਅਸ ਭਰਿੰਡ : ਇਹ ਭਰਿੰਡ ਸਰ੍ਹੋਂ ਦੇ ਚੇਪੇ 'ਚ ਪਰਜੀਵੀਕਰਨ ਕਰਦੇ ਹਨ। ਮਾਦਾ ਭਰਿੰਡ ਚੇਪੇ ਦੇ ਸਰੀਰ ਅੰਦਰ ਆਂਡੇ ਦਿੰਦੀ ਹੈ। ਆਂਡੇ 'ਚੋਂ ਨਿਕਲੀ ਸੁੰਡੀ ਚੇਪੇ ਵਿਚ ਪਲਦੀ ਰਹਿੰਦੀ ਹੈ ਤੇ ਚੇਪੇ ਨੂੰ ਅੰਦਰੋ-ਅੰਦਰੀ ਖਾ ਕੇ ਨਸ਼ਟ ਕਰ ਦਿੰਦੀ ਹੈ। ਏਫਿਡੀਅਸ ਕੀੜੇ ਦੀ ਸੁੰਡੀ ਚੇਪੇ ਦੇ ਸਰੀਰ ਵਿਚ ਕਕੂਨਾਂ ਅੰਦਰ ਪਿਊਪਾ ਬਣਾਉਂਦੀ ਹੈ ਜਿਸ ਨਾਲ ਚੇਪਾ ਸੁਨਹਰੀ ਜਾਂ ਤਾਂਬੇ ਰੰਗ ਦੀ ਮੱਖੀ 'ਚ ਤਬਦੀਲ ਹੋ ਜਾਂਦਾ ਹੈ। ਇਸ ਭਰਿੰਡ ਦੇ ਬਾਲਗ ਬੂਟਿਆਂ ਦੇ ਨੈਕਟਰ ਅਤੇ ਚੇਪਿਆਂ ਦੁਆਰਾ ਛੱਡੀਆਂ ਗਈਆਂ ਸ਼ਹਿਦ-ਬੂੰਦ ਨੂੰ ਖਾਂਦੇ ਹਨ।

ਕੈਂਪੋਲਿਟਸ ਕਲੋਰੀਡੀ ਭਰਿੰਡ : ਇਹ ਪਰਜੀਵੀ ਕੀੜਾ ਛੋਲਿਆਂ ਦੀਆਂ ਸੁੰਡੀਆਂ 'ਚ ਪਰਜੀਵੀਕਰਨ ਕਰਦਾ ਹੈ। ਇਸ ਭਰਿੰਡ ਦਾ ਸਿਰ, ਧੜ ਤੇ ਪੇਟ ਦਾ ਪਹਿਲਾ ਹਿੱਸਾ ਕਾਲਾ ਅਤੇ ਬਾਕੀ ਹਿੱਸਾ ਸੰਤਰੀ-ਪੀਲਾ ਹੁੰਦਾ ਹੈ ਜਿਸ ਦੇ ਵਿਚਕਾਰ ਇਕ ਕਾਲਾ ਧੱਬਾ ਹੁੰਦਾ ਹੈ। ਇਸ ਦਾ ਕੋਆ ਲੰਬੂਤਰਾ ਤੇ ਚਿੱਟੇ ਰੰਗ ਦਾ ਅਤੇ ਤਕਰੀਬਨ ਅੱਧਾ ਸੈਂਟੀਮੀਟਰ ਲੰਬਾ ਹੁੰਦਾ ਹੈ। •

ਮਿੱਤਰ ਕੀੜਿਆਂ ਦੀ ਸਾਂਭ-ਸੰਭਾਲ

- ਇਨ੍ਹਾਂ ਮਿੱਤਰ ਕੀੜਿਆਂ ਨੂੰ ਬਚਾਉਣ ਲਈ ਸਾਨੂੰ ਕੀਟਨਾਸ਼ਕਾਂ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਹਾਨੀਕਾਰਕ ਕੀੜਿਆਂ ਅਤੇ ਮਿੱਤਰ ਕੀੜਿਆਂ ਦੀ ਸਹੀ ਪਛਾਣ ਹੋਣੀ ਬੇਹੱਦ ਲਾਜ਼ਮੀ ਹੈ। ਕਈ ਵਾਰ ਕਿਸਾਨ ਫ਼ਸਲ ਉੱਪਰ ਲੇਡੀ ਬਰਡ ਭੂੰਡੀਆਂ, ਗਰੀਨ ਲੇਸ ਵਿੰਗ ਤੇ ਸਿਰਫਿਡ ਮੱਖੀ ਦੀਆਂ ਸੁੰਡੀਆਂ ਨੂੰ ਦੁਸ਼ਮਣ ਕੀੜੇ ਸਮਝ ਕੇ

ਸੰਪਾਦਕੀ

ਪੰਜਾਬ ਸਰਕਾਰ ਦਾ ਨਸ਼ਿਆਂ ਖ਼ਿਲਾਫ਼ ਯੁੱਧ

ਪੰਜਾਬ ਸਰਕਾਰ ਵੱਲੋਂ 'ਨਸ਼ਿਆਂ ਖ਼ਿਲਾਫ਼ ਯੁੱਧ' ਦਾ ਐਲਾਨ ਕੀ ਦਹਾਕਿਆਂ ਤੋਂ ਚਲੀ ਆ ਰਹੀ ਇਸ ਸਮੱਸਿਆ ਦਾ ਕਾਰਗਰ ਹੱਲ ਸਾਬਿਤ ਹੋਵੇਗਾ ਜਾਂ ਫਿਰ ਮਹਿਜ਼ ਸਿਆਸੀ ਮਾਅਰਕੇਬਾਜ਼ੀ ਦਾ ਸੰਦ ਬਣ ਕੇ ਰਹਿ ਜਾਵੇਗਾ? ਇਸ ਮੁੱਦੇ 'ਤੇ ਸੱਤਾਧਾਰੀ ਪਾਰਟੀ ਦੇ ਸੀਨੀਅਰ ਆਗੂਆਂ ਦੀ ਬਿਆਨਬਾਜ਼ੀ ਤੋਂ ਸਾਫ਼ ਜ਼ਾਹਿਰ ਹੋ ਰਿਹਾ ਹੈ ਕਿ ਇਸ ਨੇ ਨਸ਼ਿਆਂ ਦੇ ਮੁੱਦੇ ਦਾ ਸਿਆਸੀਕਰਨ ਕਰਨ ਦਾ ਰਾਹ ਅਪਣਾ ਲਿਆ ਹੈ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮੰਗਲਵਾਰ ਲੁਧਿਆਣਾ ਵਿੱਚ ਕਰਵਾਈ ਰੈਲੀ ਨੂੰ ਸੰਬੋਧਨ ਕਰਦਿਆਂ ਨਸ਼ਾ ਤਸਕਰਾਂ ਨੂੰ ਖ਼ਬਰਦਾਰ ਕੀਤਾ ਕਿ ਜੇ ਉਨ੍ਹਾਂ ਨੂੰ ਜਾਨ ਪਿਆਰੀ ਹੈ ਤਾਂ ਉਹ ਪੰਜਾਬ ਛੱਡ ਕੇ ਚਲੇ ਜਾਣ। ਇਸ ਤੋਂ ਇਲਾਵਾ ਪੰਜਾਬ ਪੁਲੀਸ ਵੱਲੋਂ ਜੇਸੀਬੀ ਮਸ਼ੀਨਾਂ ਨਾਲ ਨਸ਼ਾ ਤਸਕਰੀ ਦੇ ਕਥਿਤ ਦੋਸ਼ੀਆਂ ਦੇ ਘਰ ਢਾਹੇ ਜਾਣ ਦਾ ਸਿਲਸਿਲਾ ਤੇਜ਼ ਕਰ ਦਿੱਤਾ ਗਿਆ ਹੈ। ਇਹ ਕਾਰਵਾਈ ਦਰਸਾਉਂਦੀ ਹੈ ਕਿ ਸਾਡਾ ਫ਼ੌਜਦਾਰੀ ਨਿਆਂ ਪ੍ਰਬੰਧ ਨਕਾਰਾ ਹੋ ਗਿਆ ਅਤੇ ਇਨਸਾਫ਼ ਮੁਹੱਈਆ ਕਰਾਉਣ ਤੋਂ ਅਸਮੱਰਥ ਹੋ ਗਿਆ ਹੈ। ਰੋਜ਼ ਨਸ਼ਿਆਂ ਦੀ ਬਰਾਮਦਗੀ ਅਤੇ ਨਸ਼ਾ ਤਸਕਰਾਂ ਦੀਆਂ ਗ੍ਰਿਫ਼ਤਾਰੀਆਂ ਦੇ ਵਧ ਚੜ੍ਹ ਕੇ ਅੰਕੜੇ ਦਿੱਤੇ ਜਾ ਰਹੇ ਹਨ। ਕੇਜਰੀਵਾਲ ਨੇ ਆਖਿਆ ਹੈ ਕਿ ਪਿਛਲੇ ਦੋ ਸਾਲਾਂ ਤੋਂ ਪੰਜਾਬ ਸਰਕਾਰ ਨਸ਼ਿਆਂ ਦੀ ਸਮੱਸਿਆ ਨਾਲ ਸਿੱਝਣ ਲਈ ਰਣਨੀਤੀ ਬਣਾਉਣ ਵਿੱਚ ਰੁੱਝੀ ਹੋਈ ਸੀ ਅਤੇ ਇਸ 'ਤੇ ਕੰਮ ਹੁਣ ਸ਼ੁਰੂ ਕੀਤਾ ਜਾ ਰਿਹਾ ਹੈ।

ਨਸ਼ੇ ਬਹੁ-ਪਰਤੀ ਸਮੱਸਿਆ ਹੈ ਅਤੇ ਇਸ ਬਾਰੇ ਵਿਆਪਕ ਪਹੁੰਚ ਅਪਣਾਉਣੀ ਜ਼ਰੂਰੀ ਹੈ। ਪੁਲੀਸ ਦੀ ਸਖ਼ਤ ਕਾਰਵਾਈ ਦਾ ਪ੍ਰਦਰਸ਼ਨ ਕਰ ਕੇ ਪਾਰਟੀ ਦੇ ਕੁਝ ਹਮਾਇਤੀਆਂ ਦੀ ਵਾਹ-ਵਾਹ ਤਾਂ ਹਾਸਿਲ ਕੀਤੀ ਜਾ ਸਕਦੀ ਹੈ ਪਰ ਇਸ ਦੇ ਠੋਸ ਸਿੱਟੇ ਨਿਕਲਣ ਦੀ ਸੰਭਾਵਨਾ ਘੱਟ ਹੈ। ਨਸ਼ੇ ਦੇ ਆਦੀ ਵਿਅਕਤੀਆਂ ਜਾਂ ਛੋਟੇ ਮੋਟੇ ਤਸਕਰਾਂ ਦੀ ਫੜ-ਫੜਾਈ ਦੀ ਇਹ ਕਾਰਵਾਈ ਪਿਛਲੇ ਲੰਮੇ ਸਮੇਂ ਤੋਂ ਚੱਲ ਰਹੀ ਹੈ ਜਿਸ ਨਾਲ ਨਾ ਤਾਂ ਸੂਬੇ ਵਿੱਚ ਨਸ਼ਿਆਂ ਦੀ ਸਪਲਾਈ ਰੁਕ ਸਕੀ ਹੈ ਅਤੇ ਨਾ ਹੀ ਇਸ ਕਾਰਨ ਹੋ ਰਹੀਆਂ ਮੌਤਾਂ ਨੂੰ ਹੀ ਠੱਲ੍ਹ ਪੈ ਸਕੀ ਹੈ। ਇਹ ਠੀਕ ਹੈ ਕਿ ਨਸ਼ਿਆਂ ਦੇ ਤਸਕਰਾਂ ਨੂੰ ਦਬੋਚਣ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਪਰ ਇਹ ਵੀ ਤੱਥ ਹੈ ਕਿ ਜਦੋਂ ਲੋਕਾਂ ਵੱਲੋਂ ਆਪਣੇ ਪੱਧਰ 'ਤੇ ਅਜਿਹੇ ਅਨਸਰਾਂ ਖ਼ਿਲਾਫ਼ ਲਾਮਬੰਦੀ ਕੀਤੀ ਜਾਂਦੀ ਹੈ ਜਾਂ ਕਾਰਵਾਈ ਕੀਤੀ ਜਾਂਦੀ ਹੈ ਤਾਂ ਉਲਟਾ ਪੁਲੀਸ ਲੋਕਾਂ ਖ਼ਿਲਾਫ਼ ਪਰਚੇ ਕੱਟਣ ਤੱਕ ਚਲੀ ਜਾਂਦੀ ਹੈ। ਘੱਟ ਜਾਂ ਵੱਧ, ਸਾਰੇ ਸੂਬਿਆਂ ਵਿੱਚ ਨਸ਼ਿਆਂ ਦੀ ਅਲਾਮਤ ਫੈਲ ਚੁੱਕੀ ਹੈ ਅਤੇ ਇਸ ਦੇ ਕੌਮੀ ਪਸਾਰ ਨੂੰ ਵੀ ਵਾਚਣ ਦੀ ਲੋੜ ਹੈ। ਹੁਣ ਤੱਕ ਨਸ਼ਿਆਂ ਦੇ ਕਾਰੋਬਾਰ ਵਿਚ ਜਿੰਨੇ ਵੀ ਵੱਡੇ ਸਿਆਸਤਦਾਨਾਂ ਅਤੇ ਪੁਲੀਸ ਅਫਸਰਾਂ ਦੇ ਨਾਂ ਆਏ ਹਨ, ਉਨ੍ਹਾਂ ਖ਼ਿਲਾਫ਼ ਜਾਂਚ ਜਾਂ ਕਾਨੂੰਨੀ ਕਾਰਵਾਈ ਕਿਸੇ ਤਣ ਪੱਤਣ ਨਹੀਂ ਲੱਗ ਸਕੀ। ਨਸ਼ਿਆਂ ਦੇ ਕਾਰੋਬਾਰ ਵਿੱਚ ਜੁੜੇ ਰਹੇ ਕੁਝ ਫ਼ਰਾਰ ਪੁਲੀਸ ਅਫਸਰਾਂ ਦਾ ਕੋਈ ਥਹੁ-ਪਤਾ ਨਹੀਂ ਚੱਲ ਰਿਹਾ। ਇਸ ਤੋਂ ਪਤਾ ਲੱਗਦਾ ਹੈ ਕਿ ਨਸ਼ਿਆਂ ਖ਼ਿਲਾਫ਼ ਇਹ ਜੰਗ ਜ਼ਮੀਨੀ ਹਕੀਕਤਾਂ ਤੋਂ ਦੂਰ ਹੈ ਅਤੇ ਸ਼ਾਇਦ ਉਹ ਸਿੱਟੇ ਹਾਸਿਲ ਨਾ ਕਰ ਸਕੇ ਜਿਸ ਬਾਰੇ ਸਰਕਾਰੀ ਤੌਰ 'ਤੇ ਦਾਅਵੇ ਕੀਤੇ ਜਾ ਰਹੇ ਹਨ।

ਪੰਜਾਬ ਪੁਲਿਸ ਵੱਲੋਂ ਕਰਨਲ ਦੀ ਕੁੱਟਮਾਰ ਦਾ ਮਾਮਲਾ

ਪਟਿਆਲਾ 'ਚ ਫੌਜ ਦੇ ਕਰਨਲ ਅਤੇ ਉਸ ਦੇ ਪੁੱਤਰ ਨਾਲ ਪੁਲੀਸ ਵੱਲੋਂ ਕੀਤੀ ਕੁੱਟਮਾਰ ਦੇ ਮਾਮਲੇ ਨੂੰ ਜਿਵੇਂ ਪੁਲੀਸ ਨੇ ਸਿੱਝਣ ਦੀ ਕੋਸ਼ਿਸ਼ ਕੀਤੀ ਹੈ, ਉਸ ਨੂੰ ਲੈ ਕੇ ਸਵਾਲ ਵਧ ਰਹੇ ਹਨ ਅਤੇ ਇਹ ਮਾਮਲਾ ਵੀ ਦਿਨੋ-ਦਿਨ ਤੂਲ ਫੜ ਰਿਹਾ ਹੈ। ਢੁੱਕਵੀਂ ਕਾਰਵਾਈ ਨਾ ਹੋਣ ਦਾ ਦੋਸ਼ ਲਾਉਂਦਿਆਂ ਜਿੱਥੇ ਪੀੜਤ ਪਰਿਵਾਰ ਨੇ ਰਾਜਪਾਲ ਕੋਲ ਪਹੁੰਚ ਕੀਤੀ ਹੈ ਉੱਥੇ ਵਿਧਾਨ ਸਭਾ ਵਿਚ ਵੀ ਇਸ ਮਾਮਲੇ ਦੀ ਗੂੰਜ ਪਈ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਬਾਜਵਾ ਨੇ ਇਹ ਮਾਮਲਾ ਸਦਨ 'ਚ ਚੁੱਕਦਿਆਂ ਜਾਂਚ ਕਿਸੇ ਜੱਜ ਕੋਲੋਂ ਕਰਵਾਉਣ ਦੀ ਮੰਗ ਰੱਖੀ ਹੈ। ਵਿਰੋਧੀ ਧਿਰ ਨੇ ਇਸ ਮਾਮਲੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਚੁੱਪ 'ਤੇ ਵੀ ਸਵਾਲ ਉਠਾਇਆ ਹੈ। ਇਸ ਦੌਰਾਨ ਕਰਨਲ ਦੇ ਪਰਿਵਾਰ ਨੇ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਕਰ ਕੇ ਇਨਸਾਫ਼ ਮੰਗਿਆ ਹੈ। ਇਸ ਤੋਂ ਪਹਿਲਾਂ ਸਰਕਾਰ ਦੀ ਕਾਰਵਾਈ ਤੋਂ ਨਿਰਾਸ਼ ਪੀੜਤ ਪਰਿਵਾਰ ਕਈ ਦਿਨਾਂ ਤੋਂ ਵੱਖ-ਵੱਖ ਮੰਚਾਂ 'ਤੇ ਆਪਣਾ ਪੱਖ ਰੱਖ ਰਿਹਾ ਹੈ। ਫ਼ੌਜ ਨੇ ਵੀ ਮਾਮਲੇ ਵਿਚ ਦਖ਼ਲ ਦਿੱਤਾ ਹੈ ਤੇ ਕਈ ਸੇਵਾਮੁਕਤ ਸੈਨਾ ਅਧਿਕਾਰੀ ਵੀ 'ਢਿੱਲੀ' ਸਰਕਾਰੀ ਕਾਰਵਾਈ 'ਤੇ ਆਪਣੀ ਨਾਰਾਜ਼ਗੀ ਜ਼ਾਹਿਰ ਕਰ ਚੁੱਕੇ ਹਨ। ਕੋਈ ਸ਼ੱਕ ਨਹੀਂ ਕਿ ਆਮ ਲੋਕਾਂ 'ਚ ਵੀ ਇਸ ਮਾਮਲੇ 'ਤੇ ਰੋਸ ਹੈ ਹਾਲਾਂਕਿ ਪੁਲੀਸ ਨੇ ਆਪਣੇ 12 ਮੁਲਾਜ਼ਮਾਂ ਨੂੰ ਮੁਅੱਤਲ ਕੀਤਾ ਹੈ।

ਪੰਜਾਬ ਸਰਕਾਰ ਨੇ ਇਸ ਸਾਰੇ ਘਟਨਾਕ੍ਰਮ ਤੋਂ ਬਾਅਦ ਹੁਣ ਪਟਿਆਲਾ ਨਗਰ ਨਿਗਮ ਦੇ ਕਮਿਸ਼ਨਰ, ਜੋ ਆਈਏਐੱਸ ਅਧਿਕਾਰੀ ਵੀ ਹਨ, ਨੂੰ ਮਾਮਲੇ ਦੀ ਜਾਂਚ ਸੌਂਪੀ ਹੈ। ਉਨ੍ਹਾਂ ਨੂੰ ਕਾਰਜਕਾਰੀ ਮੈਜਿਸਟਰੇਟ ਬਣਾ ਕੇ ਤਿੰਨ ਹਫ਼ਤਿਆਂ 'ਚ ਜਾਂਚ ਮੁਕੰਮਲ ਕਰਨ ਲਈ ਕਿਹਾ ਗਿਆ ਹੈ ਜਿਸ ਦੀ ਜਾਂਚ ਉਹ ਗ੍ਰਹਿ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਸੌਂਪਣਗੇ ਜਦਕਿ ਪੀੜਤ ਪਰਿਵਾਰ ਸੀਬੀਆਈ ਜਾਂਚ ਦੀ ਮੰਗ ਕਰ ਰਿਹਾ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਪੁਲੀਸ ਮਹਿਕਮਾ ਆਪਣੇ ਮੁਲਾਜ਼ਮਾਂ ਨੂੰ ਬਚਾ ਰਿਹਾ ਹੈ ਤੇ ਰਾਜ ਦੀ ਕਿਸੇ ਵੀ ਜਾਂਚ ਏਜੰਸੀ 'ਤੇ ਉਨ੍ਹਾਂ ਨੂੰ ਭਰੋਸਾ ਨਹੀਂ ਹੈ। ਇਸ ਘਟਨਾ ਨੂੰ ਵਾਪਰਿਆਂ ਲਗਭਗ ਹਫ਼ਤਾ ਹੋ ਚੁੱਕਾ ਹੈ ਤੇ ਪੁਲੀਸ ਵੱਲੋਂ ਮੁਅੱਤਲ ਕੀਤੇ ਆਪਣੇ ਮੁਲਾਜ਼ਮਾਂ ਦੇ ਨਾਂ ਅਜੇ ਤੱਕ ਐੱਫਆਈਆਰ ਵਿਚ ਦਰਜ ਨਾ ਕਰਨ ਕਰ ਕੇ ਇਸ ਸਬੰਧੀ ਹੋਈ ਕਾਰਵਾਈ ਦੀ ਪਾਰਦਰਸ਼ਤਾ ਅਤੇ ਨਿਰਪੱਖਤਾ 'ਤੇ ਵੀ ਸਵਾਲ ਉੱਠ ਰਹੇ ਹਨ। ਇਸ ਤੋਂ ਪਹਿਲਾਂ ਪਰਿਵਾਰ, ਪੁਲੀਸ 'ਤੇ ਸਮਝੌਤੇ ਲਈ ਦਬਾਅ ਬਣਾਉਣ ਦਾ ਦੋਸ਼ ਵੀ ਲਾ ਚੁੱਕਾ ਹੈ। ਪੁਲੀਸ ਵੱਲੋਂ ਐੱਫਆਈਆਰ ਕਰਨਲ ਅਤੇ ਉਸ ਦੇ ਪੁੱਤਰ ਤੋਂ ਬਿਨਾਂ ਕਿਸੇ ਹੋਰ ਵੱਲੋਂ ਦਰਜ ਕਰਨਾ ਵੀ ਸ਼ੱਕ ਪੈਦਾ ਕਰਦਾ ਹੈ। ਇਸ ਸੂਰਤ ਵਿੱਚ ਪਰਿਵਾਰ ਵੱਲੋਂ ਰਾਜ ਸਰਕਾਰ ਦੇ ਇਕ ਪ੍ਰਸ਼ਾਸਕੀ ਅਧਿਕਾਰੀ ਨੂੰ ਸੌਂਪੀ ਜਾਂਚ ਦੀ ਭਰੋਸੇਯੋਗਤਾ 'ਤੇ ਸਵਾਲ ਚੁੱਕਣਾ ਸੁਭਾਵਿਕ ਹੈ। ਫੌਜ ਦੇ ਚੋਟੀ ਦੇ ਅਧਿਕਾਰੀ ਨਾਲ ਵਾਪਰੀ ਇਸ ਮੰਦਭਾਗੀ ਘਟਨਾ ਦੀ ਵੀਡੀਓ ਜਨਤਕ ਖੇਤਰ 'ਚ ਆ ਚੁੱਕੀ ਹੈ ਜਿਸ ਨੇ ਸੂਬੇ ਦੀ ਸਾਖ਼ ਨੂੰ ਵੀ ਸੱਟ ਮਾਰੀ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਆਮ ਲੋਕਾਂ 'ਚ ਵੀ ਅਸੁਰੱਖਿਆ ਦੀ ਭਾਵਨਾ ਪੈਦਾ ਕਰਦੀਆਂ ਹਨ। ਭਵਿੱਖ 'ਚ ਇਨ੍ਹਾਂ ਨੂੰ ਵਾਪਰਨ ਤੋਂ ਰੋਕਣ ਲਈ ਸਰਕਾਰ ਨੂੰ ਠੋਸ ਕਾਰਵਾਈ ਕਰਨੀ ਚਾਹੀਦੀ ਹੈ। ਆਮ ਲੋਕਾਂ ਦਾ ਭਰੋਸਾ ਬਹਾਲ ਕਰਨ ਤੇ ਪੀੜਤਾਂ ਨੂੰ ਇਨਸਾਫ਼ ਦੇਣ ਲਈ ਜ਼ਰੂਰੀ ਹੈ ਕਿ ਮਾਮਲੇ ਦੀ ਨਿਰਪੱਖਤਾ ਨਾਲ ਢੁੱਕਵੇਂ ਪੱਧਰ 'ਤੇ ਜਾਂਚ ਯਕੀਨੀ ਬਣਾਈ ਜਾਵੇ।

ਹਿਮਾਚਲ ਪ੍ਰਦੇਸ਼ ਦੇ ਉਦਯੋਗਾਂ ਕਾਰਨ ਪ੍ਰਦੂਸ਼ਿਤ ਹੋ ਰਹੇ ਪੰਜਾਬ ਦੇ ਜਲ ਸਰੋਤ ਹਰਜੋਤ ਬੈਂਸ ਨੇ ਸੁਖਵਿੰਦਰ ਸੁੱਖੂ ਨੂੰ ਪੱਤਰ ਲਿਖ ਕੇ ਤੁਰੰਤ ਕਾਰਵਾਈ ਦੀ ਕੀਤੀ ਮੰਗ

ਨੰਗਲ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਿਮਾਚਲ ਪ੍ਰਦੇਸ਼ ਦੇ ਉਦਯੋਗਾਂ ਤੋਂ ਨਿਕਲਣ ਵਾਲੇ ਦੂਸ਼ਿਤ ਪਾਣੀ ਤੇ ਰਹਿੰਦ-ਖੂੰਹਦ ਕਾਰਨ ਪੰਜਾਬ ਦੇ ਜਲ ਸਰੋਤਾਂ ਦੇ ਪ੍ਰਦੂਸ਼ਿਤ ਹੋਣ ਸਬੰਧੀ ਗੰਭੀਰ ਮਸਲੇ ਨੂੰ ਉਠਾਉਂਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਅਤੇ ਆਨੰਦਪੁਰ ਸਾਹਿਬ ਤੋਂ ਵਿਧਾਇਕ ਸ. ਹਰਜੋਤ ਸਿੰਘ ਬੈਂਸ ਨੇ ਇਸ ਗੰਭੀਰ ਸਮੱਸਿਆ ਦੇ ਤੁਰੰਤ ਹੱਲ ਅਤੇ ਸਖ਼ਤ ਕਾਰਵਾਈ ਲਈ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੂੰ ਪੱਤਰ ਲਿਖਿਆ ਹੈ। ਬੈਂਸ ਨੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਦੇ ਚੇਅਰਪਰਸਨ ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ.ਪੀ.ਸੀ.ਬੀ.) ਦੇ ਮੈਂਬਰ ਸਕੱਤਰ ਨੂੰ ਵੀ ਪੱਤਰ ਲਿਖਿਆ ਹੈ ਤਾਂ ਜੋ ਇਸ ਗੰਭੀਰ ਮਾਮਲੇ ਨੂੰ ਜਲਦ ਤੋਂ ਜਲਦ ਹੱਲ ਕੀਤਾ ਜਾ ਸਕੇ ਅਤੇ ਸੂਬੇ ਵਿੱਚ ਖਾਸ ਕਰਕੇ ਉਨ੍ਹਾਂ ਦੇ ਹਲਕੇ ਆਨੰਦਪੁਰ ਸਾਹਿਬ ਵਿੱਚ ਜਨਤਕ ਸਿਹਤ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਆਪਣੇ ਪੱਤਰ ਵਿੱਚ, ਉਨ੍ਹਾਂ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਵੱਲੋਂ ਕੀਤੇ ਗਏ ਟੈਸਟਾਂ ਦੇ ਨਤੀਜਿਆਂ 'ਤੇ ਚਾਨਣਾ ਪਾਇਆ, ਜਿਸ ਤੋਂ ਪਤਾ ਲੱਗਦਾ ਹੈ ਕਿ ਹਿਮਾਚਲ ਪ੍ਰਦੇਸ਼ ਦੇ ਉਦਯੋਗਿਕ ਜ਼ੋਨਾਂ ਤੋਂ ਸਵਾਂ ਨਦੀ ਅਤੇ ਬਰਮਲਾ ਖੱਡ ਵਿੱਚ ਵਹਿਣ ਵਾਲੀ ਖਤਰਨਾਕ ਉਦਯੋਗਿਕ ਰਹਿੰਦ-ਖੂੰਹਦ ਅੰਤ ਵਿੱਚ ਸਤਲੁਜ ਦਰਿਆ ਵਿੱਚ ਮਿਲ ਰਹੀ ਹੈ। ਉਨ੍ਹਾਂ ਨੇ ਸਥਿਤੀ ਦੀ ਗੰਭੀਰਤਾ ਨੂੰ ਉਜਾਗਰ ਕਰਦਿਆਂ ਬਰਮਲਾ ਖੱਡ ਵਿੱਚ ਵਾਪਰੀ ਘਟਨਾ ਦਾ ਹਵਾਲਾ ਦਿੱਤਾ, ਜਿੱਥੇ ਦੂਸ਼ਿਤ ਪਾਣੀ ਕਾਰਨ ਕਈ ਜੰਗਲੀ ਸੂਰ ਮਰ ਗਏ। ਉਨ੍ਹਾਂ ਕਿਹਾ ਕਿ ਇਹ ਪ੍ਰਦੂਸ਼ਣ ਨਾ ਸਿਰਫ਼ ਸਤਲੁਜ ਦਰਿਆ ਨੂੰ ਗੰਦਾ ਕਰ ਰਿਹਾ ਹੈ ਬਲਕਿ ਸਥਾਨਕ ਆਬਾਦੀ ਦੀ ਸਿਹਤ ਲਈ ਵੀ ਗੰਭੀਰ ਖਤਰਾ ਬਣ ਰਿਹਾ ਹੈ।

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿੱਚ, ਸ. ਹਰਜੋਤ ਸਿੰਘ ਬੈਂਸ ਨੇ ਪੀ.ਪੀ.ਸੀ.ਬੀ. ਦੀਆਂ ਰਿਪੋਰਟਾਂ ਅਤੇ ਆਪਣੇ ਹਲਕੇ ਦੇ ਵਸਨੀਕਾਂ ਦੀਆਂ ਸ਼ਿਕਾਇਤਾਂ ਦਾ ਹਵਾਲਾ ਦਿੰਦਿਆਂ ਪੰਜਾਬ ਦੇ ਜਲ ਸਰੋਤਾਂ ਵਿੱਚ ਅਣਸੋਧੇ ਪ੍ਰਦੂਸ਼ਿਤ ਪਾਣੀ ਦੇ ਨਿਕਾਸ ਨੂੰ ਰੋਕਣ ਲਈ ਨਿੱਜੀ ਦਖਲ ਦੀ ਮੰਗ ਕੀਤੀ ਹੈ।ਉਨ੍ਹਾਂ ਨੇ ਇਸ ਕਾਰਨ ਵਾਤਾਵਰਣ ਨੂੰ ਹੋਰ ਪਲੀਤ ਹੋਣ ਤੋਂ ਰੋਕਣ ਲਈ ਤੁਰੰਤ ਕਾਰਵਾਈ ਦੀ ਲੋੜ 'ਤੇ ਜ਼ੋਰ ਦਿੱਤਾ।

ਵਾਤਾਵਰਣ ਸੰਤੁਲਨ ਨੂੰ ਸੁਰੱਖਿਅਤ ਰੱਖਣ ਅਤੇ ਪੰਜਾਬ ਦੇ ਵਸਨੀਕਾਂ ਦੀ ਸਿਹਤ ਨੂੰ ਬਚਾਉਣ ਲਈ ਅੱਗੇ ਆਉਣ ਦੀ ਅਪੀਲ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਐਨ.ਜੀ.ਟੀ. ਦੇ ਚੇਅਰਪਰਸਨ ਨੂੰ ਲਿਖੇ ਪੱਤਰ ਵਿੱਚ ਪ੍ਰਦੂਸ਼ਣ ਲਈ ਜ਼ਿੰਮੇਵਾਰ ਉਦਯੋਗਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਨੇ ਨਾਲ ਹੀ ਪ੍ਰਦੂਸ਼ਣ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਉਦਯੋਗਾਂ ਨੂੰ ਤੁਰੰਤ ਬੰਦ ਕਰਨ ਦੀ ਮੰਗ ਵੀ ਕੀਤੀ। ਉਨ੍ਹਾਂ ਨੇ ਐਨ.ਜੀ.ਟੀ. ਤੋਂ ਹਿਮਾਚਲ ਪ੍ਰਦੇਸ਼ ਦੇ ਅਧਿਕਾਰੀਆਂ ਨੂੰ ਵਾਤਾਵਰਣ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਸਖ਼ਤ ਪ੍ਰਦੂਸ਼ਣ ਕੰਟਰੋਲ ਉਪਾਵਾਂ ਨੂੰ ਲਾਗੂ ਕਰਨ ਦੇ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ। ਉਨ੍ਹਾਂ ਨੇ ਪ੍ਰਭਾਵਿਤ ਜਲ ਸਰੋਤਾਂ, ਜਿਨ੍ਹਾਂ ਵਿੱਚ ਸਵਾਂ ਨਦੀ, ਬਰਮਲਾ ਖੱਡ ਅਤੇ ਸਤਲੁਜ ਦਰਿਆ ਸ਼ਾਮਲ ਹੈ, ਦੀ ਨਿਗਰਾਨੀ ਅਤੇ ਸੁਧਾਰ ਲਈ ਜ਼ਰੂਰੀ ਆਦੇਸ਼ ਜਾਰੀ ਕਰਨ ਦੀ ਮੰਗ ਵੀ ਕੀਤੀ।

ਸੀ.ਪੀ.ਸੀ.ਬੀ. ਦੇ ਮੈਂਬਰ ਸਕੱਤਰ ਨੂੰ ਲਿਖੇ ਪੱਤਰ ਵਿੱਚ, ਸ. ਬੈਂਸ ਨੇ ਹਿਮਾਚਲ ਪ੍ਰਦੇਸ਼ ਦੇ ਬਾਥੜੀ ਅਤੇ ਗੋਲਥਾਈ ਉਦਯੋਗਿਕ ਖੇਤਰਾਂ ਵਿੱਚ ਸਥਿਤ ਉਦਯੋਗਿਕ ਇਕਾਈਆਂ ਦੇ ਵਿਆਪਕ ਨਿਰੀਖਣ ਨੂੰ ਯਕੀਨੀ ਬਣਾਉਣ ਲਈ ਤੁਰੰਤ ਦਖਲ ਦੀ ਮੰਗ ਕੀਤੀ ਤਾਂ ਜੋ ਸਵਾਂ ਨਦੀ ਅਤੇ ਬਰਮਲਾ ਖੱਡ ਵਿੱਚ ਅਣਸੋਧੇ ਉਦਯੋਗਿਕ ਨਿਕਾਸ ਨੂੰ ਤੁਰੰਤ ਰੋਕਿਆ ਜਾ ਸਕੇ। ਉਨ੍ਹਾਂ ਨੇ ਸੀ.ਪੀ.ਸੀ.ਬੀ. ਨੂੰ ਵਾਤਾਵਰਣ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਅਤੇ ਪ੍ਰਦੂਸ਼ਣ ਕੰਟਰੋਲ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਉਦਯੋਗਾਂ ਵਿਰੁੱਧ ਸਜ਼ਾਯੋਗ ਕਾਰਵਾਈ ਅਤੇ ਪ੍ਰਭਾਵਿਤ ਖੇਤਰਾਂ ਵਿੱਚ ਪਾਣੀ ਦੀ ਗੁਣਵੱਤਾ ਨੂੰ ਬਹਾਲ ਕਰਨ ਲਈ ਢੁੱਕਵੇਂ ਅਤੇ ਲੋੜੀਂਦੇ ਉਪਾਅ ਕਰਨ ਦੀ ਬੇਨਤੀ ਕੀਤੀ।

ਸ. ਬੈਂਸ ਨੇ ਕਿਹਾ, ਦਰਿਆ ਪੰਜਾਬ ਦੀ ਜੀਵਨ ਰੇਖਾ ਹਨ, ਅਤੇ ਇਨ੍ਹਾਂ ਦਾ ਪ੍ਰਦੂਸ਼ਣ ਜਨਤਕ ਸਿਹਤ, ਖੇਤੀਬਾੜੀ ਅਤੇ ਜੈਵ ਵਿਭਿੰਨਤਾ ਲਈ ਗੰਭੀਰ ਖ਼ਤਰਾ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹੀ ਢੁੱਕਵਾਂ ਸਮਾਂ ਹੈ ਅਤੇ ਨੁਕਸਾਨ ਨੂੰ ਰੋਕਣ ਲਈ ਤੁਰੰਤ ਕਾਰਵਾਈ ਕਰਨਾ ਅਤਿ ਜ਼ਰੂਰੀ ਹੈ।

ਗਫੂਰ ਮੁਹੰਮਦ ਨੂੰ ਜਰਨਲ ਸੈਕਟਰੀ ਨਿਯੁਕਤ ਕੀਤਾ ਗਿਆ

ਕੀਰਤਪੁਰ ਸਾਹਿਬ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਕੈਬਨਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਮਿਕਰ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਸ਼੍ਰੀ ਅਨੰਦਪੁਰ ਸਾਹਿਬ ਦੀ ਸਿਫਾਰਿਸ਼ ਤੇ ਸ਼੍ਰੀ ਬਰਕਤ ਅਲੀ ਜ਼ਿਲਾ ਜਰਨਲ ਸੈਕਟਰੀ ਮਾਈਨੋਰਟੀ ਵਿੰਗ ਦੀ ਸਲਾਹ ਨਾਲ

ਕੁਝ ਕਹਿੰਦੀ ਐ ਤਸਵੀਰ...

• ਜਸ ਪ੍ਰੀਤ, ਲੁਧਿਆਣਾ



ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ **ਕੌਮੀ ਪੱਤ੍ਰਿਕਾ** *ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

ਵੋਟਾਂ ਕਰਕੇ ਧਰਤੀ 'ਤੇ ਸਵਰਗ ਉਸਾਰਨ ਦੀਆਂ ਟਾਹਰਾਂ ਵੱਜਣ ਲੱਗ ਪਈਆਂ ਹਨ। ਜਿੱਦਣ ਵੋਟਾਂ ਪੈ ਗਈਆਂ ਇਨ੍ਹਾਂ ਸਭ ਵਾਅਦੇ ਭੁੱਲ ਜਾਣੈ...

ਵਿਅੰਗ

ਲੱਕ ਟੁੱਟੂੰ ਟੁੱਟੂੰ

• ਪ੍ਰਿੰ. ਬਲਦੇਵ ਸਿੰਘ ਆਜ਼ਾਦ
94176-71364

"ਵੋਟਾਂ ਵਾਲੇ ਆਉਣਗੇ-ਲੱਕ ਟੁੱਟੂੰ ਟੁੱਟੂੰ, ਲਾਰੇ ਲੱਪੇ ਲਾਉਣਗੇ-ਲੱਕ ਟੁੱਟੂੰ ਟੁੱਟੂੰ, ਪੱਲੇ ਕੁਝ ਨਾ ਪਾਉਣਗੇ-ਲੱਕ ਟੁੱਟੂੰ ਟੁੱਟੂੰ, ਕੁਰਸੀ 'ਤੇ ਆਸਣ ਲਾਉਣਗੇ-ਲੱਕ ਟੁੱਟੂੰ ਟੁੱਟੂੰ, ਫੇਰ ਨਾ ਮੂੰਹ ਵਿਖਾਉਣਗੇ-ਲੱਕ ਟੁੱਟੂੰ ਟੁੱਟੂੰ, ਵੋਟਾਂ ਵਾਲੇ ਆਉਣਗੇ-ਲੱਕ ਟੁੱਟੂੰ ਟੁੱਟੂੰ ...।" ਕੰਤਾ ਫ਼ੌਜੀ ਸੱਥ ਵਿਚ ਪਏ ਖੂੰਢ 'ਤੇ ਬੈਠਾ ਉੱਚੀ-ਉੱਚੀ ਆਪਣੀਆਂ ਰਾਗਣੀਆਂ ਕੱਢੀ ਜਾ ਰਿਹਾ ਸੀ।

" ਲੱਗਦੈ, ਫ਼ੌਜੀ ਨੂੰ ਅੱਜ ਫਿਰ ਕਮਲ ਛੁੱਟਿਐ।" ਤਾਊ ਕੈਲਾ ਕੰਤੇ ਫ਼ੌਜੀ ਦੀਆਂ ਰਾਗਣੀਆਂ ਬਾਰੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਾ ਹੈ।

"ਵੈਸੇ ਤਾਊ ਸਿਹਾਂ, ਗੱਲਾਂ ਤਾਂ ਕੰਤੇ ਫ਼ੌਜੀ ਦੀਆਂ ਸੋਲਾਂ ਆਨੇ ਸਹੀ ਹਨ। ਆਹ ਵੇਖ ਲੈ ਹਾਲਾਤ ਕਿੰਨੇ ਮਾੜੇ ਹਨ ਪਰ ਕਿਸੇ ਨੇ ਵੀ ਲੋਕਾਂ ਦੀ ਸਾਰ ਨਹੀਂ ਲਈ। ਕਰਜ਼ਾਈ ਕਿਸਾਨ ਅਤੇ ਮਜ਼ਦੂਰ ਆਤਮਹੱਤਿਆਵਾਂ ਕਰੀ ਜਾ ਰਹੇ ਹਨ। ਬੇਰੁਜ਼ਗਾਰੀ ਦੇ ਸਤਾਏ ਨੌਜਵਾਨ ਨਸ਼ਿਆਂ ਵਿਚ ਪੈ ਆਪਣੀਆਂ ਜ਼ਿੰਦਗੀਆਂ ਖ਼ਤਮ ਕਰੀ ਜਾ ਰਹੇ ਹਨ। ਕਿਸੇ ਧੀ-ਭੈਣ ਦੀ ਇੱਜ਼ਤ ਸੁਰੱਖਿਅਤ ਨਹੀਂ। ਸਾਰੇ ਪਾਸੇ ਰਿਸ਼ਵਤ ਦਾ ਬੋਲਬਾਲਾ ਹੈ। ਪੇਟ ਭਰਨ ਲਈ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੋ ਰਹੀ। ਪਰ ਜਿਵੇਂ-ਜਿਵੇਂ ਵੋਟਾਂ ਦਾ ਸਮਾਂ ਨੇੜੇ ਆ ਰਿਹਾ ਹੈ, ਤਿਵੇਂ-ਤਿਵੇਂ ਸਾਰੇ ਨੇਤਾ ਆਪਣੇ ਮਹਿਲਾਂ ਵਿੱਚੋਂ ਨਿਕਲ ਲੋਕਾਂ ਨਾਲ ਨੇੜਤਾ ਵਿਖਾਉਣ ਲੱਗ ਪਏ ਹਨ। ਭਾਵੇਂ ਕੋਈ ਬੁਲਾਵੇ ਜਾਂ ਨਾ ਬੁਲਾਵੇ ਉਨ੍ਹਾਂ ਦੇ ਵਿਆਹ ਦੇ ਸਮਾਗਮਾਂ ਵਿਚ ਸ਼ਾਮਿਲ ਹੋ ਰਹੇ ਹਨ। ਅੰਤਮ ਅਰਦਾਸ ਦਿਆਂ ਸ਼ੋਕ ਸਮਾਗਮਾਂ ਵਿਚ ਭਾਵ-ਭਿਨੀਆਂ ਸ਼ਰਧਾਂਜਲੀਆਂ ਭੇਟ ਕਰ ਰਹੇ ਹਨ। ਵੱਡੇ-ਵੱਡੇ ਬੋਰਡਾਂ 'ਤੇ ਆਪਣੀਆਂ ਤਸਵੀਰਾਂ ਛਪਵਾ ਹਰ ਗਲੀ ਮੁਹੱਲੇ ਵਿਚ ਲਗਵਾ ਰਹੇ ਹਨ ਅਤੇ ਆਪੋ-ਆਪਣੇ ਜਮੂਰਿਆਂ ਦੀ ਫ਼ੌਜ ਨਾਲ ਲੈ ਕੇ ਲੰਮੀਆਂ-ਲੰਮੀਆਂ ਯਾਤਰਾਵਾਂ ਕਰ ਭੋਲੇ ਲੋਕਾਂ ਨੂੰ ਭਰਮਾ ਰਹੇ ਹਨ ...।" ਘੁਣਤਰੀ ਕੰਤੇ ਫ਼ੌਜੀ ਦੀਆਂ ਰਾਗਣੀਆਂ ਨੂੰ ਵਿਸਥਾਰ ਦਿੰਦਾ ਹੈ।

" ਆਹ ਤੇਰੀਆਂ ਯਾਤਰਾਵਾਂ ਤੋਂ ਯਾਦ ਆਇਐ, ਪਿੱਛੇ ਜਿਹੇ ਇਕ ਹਰਮਨ ਪਿਆਰੇ ਨੇਤਾ ਜੀ ਨੇ ਆਪਣੀ ਕ੍ਰਾਂਤੀ ਯਾਤਰਾ ਸੰਪੂਰਨ ਕੀਤੀ ਐ। ਇਹ ਭਲਾ ਕਿਹੜੀ ਕ੍ਰਾਂਤੀ ਲਿਆਉਣੀ ਚਾਹੁੰਦੇ ਨੇ ਬਈ?" ਤਾਊ ਕੈਲਾ ਮਸਲੇ ਦੀ ਜੜ੍ਹ ਪਕੜਨੀ ਚਾਹੁੰਦਾ ਹੈ।

" ਤਾਊ ਸਿਹਾਂ, ਕਿਹੜੀ ਕ੍ਰਾਂਤੀ ਲਿਆਉਣੀ ਆਂ ਇਨ੍ਹਾਂ ਨੇ ... ਇਹ ਕ੍ਰਾਂਤੀ ਲਿਆਉਣਗੇ ਘਪਲਿਆਂ ਦੀ, ਹੇਰਾਫੇਰੀਆਂ ਦੀ, ਚੋਰੀਆਂ ਦੀ, ਡਾਕਿਆਂ ਦੀ, ਭੁੱਖਾਂ ਦੀ, ਫ਼ਾਕਿਆਂ ਦੀ।

ਕ੍ਰਾਂਤੀ ਲਿਆਉਣੀ ਆ ਇਨ੍ਹਾਂ ਨੇ ... ਹਾਂ, ਜਿਹੜੇ ਇਨ੍ਹਾਂ ਦੇ ਖ਼ਜ਼ਾਨੇ ਕੁਰਸੀ ਖੁੱਸਣ ਤੋਂ ਬਾਅਦ ਪੰਜ ਸਾਲਾਂ ਦੌਰਾਨ ਥੋੜ੍ਹੇ-ਘਣੇ ਊਣੇ ਹੋਏ ਸਨ, ਉਹ ਦੁਬਾਰਾ ਕੁਰਸੀ 'ਤੇ ਬਿਰਾਜਮਾਨ ਹੁੰਦਿਆਂ ਹੀ ਫਿਰ ਤੋਂ ਨੱਕੋ-ਨੱਕ ਭਰ ਜਾਣਗੇ। ਲੋਕਾਂ ਦਾ ਕੀ ਐ, ਇਨ੍ਹਾਂ ਨੇ ਤਾਂ ਭੁੱਖੇ ਤਿਹਾਏ ਹੈਅ ਈ ਵਿਲਕਦੇ ਰਹਿਣੈ। ਨੇਤਾਵਾਂ ਦੀ ਕ੍ਰਾਂਤੀ ਤਾਂ ਕੁਰਸੀ 'ਤੇ ਬਿਰਾਜਮਾਨ ਹੁੰਦਿਆਂ ਹੀ ਆ ਜੂ ਪਰ ਲੋਕਾਂ ਦੀ ਕ੍ਰਾਂਤੀ ਅਜੇ ਬਹੁਤ ਦੂਰ ਐ।" ਘੁਣਤਰੀ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਤਾਊ ਕੈਲੇ ਅੱਗੇ ਕਰ ਦਿੰਦਾ ਹੈ।

ਕੰਤਾ ਫ਼ੌਜੀ ਧੀਮੀ ਸੁਰ ਵਿਚ ਅਜੇ ਵੀ ਗੁਣਗੁਣਾਈ ਜਾ ਰਿਹਾ ਸੀ।

" ਯਾਰ ਘੁਣਤਰੀ ਸਿਹਾਂ, ਹੁਣ ਤਾਂ ਸਾਡੇ ਨੇਤਾ ਵੀ ਦੇਸ਼ ਭਗਤਾਂ ਦੀਆਂ ਗੱਲਾਂ ਕਰਨ ਲੱਗ ਪਏ ਹਨ। ਅੱਜ-ਕੱਲ ਇਹ ਥਾਂ-ਥਾਂ ਕਹਿੰਦੇ ਫਿਰਦੇ ਹਨ ਅਖੇ ਹੁਣ ਅਸੀਂ ਦੇਸ਼ ਭਗਤਾਂ ਦਿਆਂ ਸੁਪਨਿਆਂ ਨੂੰ ਸਾਕਾਰ ਕਰਾਂਗੇ... ਉਨਾਂ ਦੇ ਸੁਪਨਿਆਂ ਦਾ ਦੇਸ਼ ਬਣਾਵਾਂਗੇ। ਸਮਾਜਵਾਦ ਲੈ ਕੇ ਆਵਾਂਗੇ। ਲੋਕ ਇੱਥੇ ਮੌਜਾਂ ਕਰਿਆ ਕਰਨਗੇ। ਬਸ ਤੁਸੀਂ ਏਸ ਵਾਰ ਸਾਨੂੰ ਵੋਟਾਂ ਪਾਓ, ਕੁਰਸੀ 'ਤੇ ਬਹਾਓ। ਫੇਰ ਵੇਖਿਓ ਸਾਡੇ ਹੱਥ ।" ਸਮਾਜਵਾਦ ਦਾ ਨਾਂ ਸੁਣਦਿਆਂ ਹੀ ਤਾਊ ਕੈਲੇ ਦੇ ਚਿਹਰੇ 'ਤੇ ਲਾਲੀ ਡੱਲਕਾਂ ਮਾਰਨ ਲੱਗ ਪੈਂਦੀ ਹੈ।

"ਤਾਊ ਸਿਹਾਂ, ਇਨ੍ਹਾਂ ਨੇ ਦੇਸ਼ ਭਗਤਾਂ ਦੇ ਸੁਪਨਿਆਂ ਨੂੰ ਕਾਹਦਾ ਸਾਕਾਰ ਕਰਨੈ। ਦੇਸ਼ ਭਗਤਾਂ ਦਾ ਨਾਂ ਲੈਣਾ ਤਾਂ ਇਨ੍ਹਾਂ ਦੀ ਮਜਬੂਰੀ ਐ। ਸਾਲ ਬਾਅਦ ਲੋਕ-ਲੱਜ ਲਈ ਉਨ੍ਹਾਂ ਦਿਆਂ ਬੁੱਤਾਂ ਦਿਆਂ ਗਲਾਂ ਵਿਚ ਹਾਰ ਪਾ ਆਪਣੇ ਲੰਬੇ-ਲੰਬੇ ਭਾਸ਼ਨ ਦੇ ਆਉਂਦੇ ਹਨ ਤੇ ਫਿਰ ਆਪਣਿਆਂ ਮਹਿਲਾਂ ਵਿਚ ਜਾ ਘੁਰਾੜੇ ਮਾਰਦੇ ਹਨ। ਇਹ ਭਲਾ ਦੇਸ਼ ਭਗਤਾਂ ਦਿਆਂ ਸੁਪਨਿਆਂ ਨੂੰ ਕਿਵੇਂ ਸਾਕਾਰ ਕਰ ਸਕਦੇ ਹਨ? ਅਰਬਾਂ-ਖਰਬਾਂ ਰੁਪਿਆਂ ਦੇ ਇਹ ਮਾਲਕ ਹਨ। ਬਾਹਰਲੇ ਦੇਸ਼ਾਂ ਦੇ ਬੈਂਕ ਇਨ੍ਹਾਂ ਦੇ ਕਾਲੇ ਧਨ ਨਾਲ ਨੱਕੋ-ਨੱਕ ਭਰੇ ਪਏ ਹਨ। ਕੀ ਇਹ ਆਪਣੀ ਅਰਬਾਂ-ਖਰਬਾਂ ਦੀ ਰਾਸ਼ੀ ਲੋਕਾਂ ਨੂੰ ਵੰਡਣ ਲਈ ਤਿਆਰ ਹੋ ਜਾਣਗੇ? ਨਹੀਂ ਨਾ? ਫੇਰ ਭਲਾ ਦੇਸ਼ ਭਗਤਾਂ ਦੇ ਸੁਪਨੇ ਕਿਵੇਂ ਸਾਕਾਰ ਹੋ ਜਾਣਗੇ? ਇਹ ਤਾਂ ਤਾਊ ਸਿਹਾਂ ਦੇਸ਼ ਭਗਤਾਂ ਦੇ ਨਾਂ 'ਤੇ ਆਪੋ-ਆਪਣੀਆਂ ਰੋਟੀਆਂ ਸੇਕਦੇ ਹਨ। ਜਿੰਦਣ ਕੁਰਸੀ 'ਤੇ ਬਿਰਾਜਮਾਨ ਹੋ ਗਏ ਫੇਰ ਤੂੰ ਕੌਣ ਤੇ ਮੈਂ ਕੌਣ। ਇਨ੍ਹਾਂ ਨੇ ਦੇਸ਼ ਭਗਤਾਂ ਤੋਂ ਭਲਾ ਟਾਟਾਂ ਲੈਣੀਆਂ ਨੇ। ਇਹ ਤਾਂ ਸਾਰੀ ਢਕਵੰਜਬਾਜ਼ੀ ਐ ਤਾਊ ਸਿਹਾਂ ... ।" ਘੁਣਤਰੀ ਦੇਸ਼ ਭਗਤਾਂ ਪ੍ਰਤੀ ਝੂਠਾ ਪਿਆਰ ਵਿਖਾਉਣ ਵਾਲੇ ਨੇਤਾਵਾਂ ਦਾ ਅਸਲੀ ਚਿਹਰਾ ਨੰਗਾ ਕਰਦਾ ਹੈ।

" ਯਾਰ, ਕੰਤੇ ਫ਼ੌਜੀ ਦੀ ਗੱਲ ਤੋਂ ਯਾਦ ਆਇਆ- ਅੱਜ ਆਪਣੇ ਨੇੜਲੇ ਪਿੰਡ ਮੰਤਰੀ ਜੀ ਬੜੀਆਂ ਗਰਾਂਟਾਂ ਦੇ ਕੇ ਗਏ ਐ। ਕਿਧਰੇ ਬੁਢਾਪਾ ਪੈਨਸ਼ਨਾਂ ਦਾ ਮੀਂਹ ਵਰਾਤਾ। ਕਿਧਰੇ ਗ਼ਰੀਬਾਂ ਲਈ ਮਕਾਨਾਂ ਦਾ ਹੜ੍ਹ ਲਿਆਤਾ। ਕਿਧਰੇ ਧਰਮਸ਼ਾਲਾਵਾਂ ਬਣਾਉਣ ਦਾ ਝੱਖੜ ਝੁਲਾਤਾ। ਕਿਧਰੇ ਕਬਰਾਂ ਦੀ ਚਾਰਦੀਵਾਰੀ ਲਈ ਚੈੱਕਾਂ ਦਾ ਚੱਕਰ ਚਲਾਤਾ। ਮੈਂ ਆਹਨਾਂ ਜੀ ਮੰਤਰੀ ਨੇ ਤਾਂ ਗਰਾਂਟਾਂ ਵਾਲੀ ਬਹਿਜਾ-ਬਹਿਜਾ ਕਰਵਾਤੀ। ਜੀਹਨੇ ਵੀ ਗਰਾਂਟ ਦੀ ਮੰਗ ਕੀਤੀ, ਮੰਤਰੀ ਜੀ ਨੇ ਝੱਟ ਉਹਦੇ ਹੱਥ ਚੈੱਕ ਪਕੜਾਤਾ। ਮੰਤਰੀ ਜੀ ਤਾਂ ਇਹ ਵੀ ਕਹਿੰਦੇ ਸਨ ਅਖੇ ਭਰਾਓ ਅਸੀਂ ਆਉਂਦਿਆਂ ਮਹੀਨਿਆਂ ਵਿਚ ਵਿਕਾਸ ਦੀ ਹਨੇਰੀ ਲਿਆ ਦਿਆਂਗੇ। ਬੇਰੁਜ਼ਗਾਰਾਂ ਨੂੰ ਨੌਕਰੀਆਂ 'ਤੇ ਲੁਆ ਦਿਆਂਗੇ। ਵੀਹ-ਵੀਹ ਵਰ੍ਹਿਆਂ ਦੇ ਕਾਕਿਆਂ ਦੀਆਂ ਬੁਢਾਪਾ ਪੈਨਸ਼ਨਾਂ ਲੁਆ ਦਿਆਂਗੇ। ਪਿੰਡ-ਪਿੰਡ ਨੂੰ ਕੈਲੀਫੋਰਨੀਆਂ ਬਣਾ ਦਿਆਂਗੇ। ਬਸ, ਤੁਸੀਂ ਸਾਡੇ 'ਤੇ ਆਪਣੀ ਨਿਗਾ ਸਵੱਲੀ ਰੱਖਿਓ ... ।" ਤਾਊ ਕੈਲਾ ਨੇਤਾ ਜੀ ਦੀ ਦਰਿਆ- ਦਿਲੀ 'ਤੇ ਹੈਰਾਨੀ ਪ੍ਰਗਟ ਕਰਦਾ ਹੈ।

" ਤਾਊ ਸਿਹਾਂ, ਇਹ ਸਭ ਵੋਟਾਂ ਲੈਣ ਦਾ ਡਰਾਮਾ ਐ। ਪਹਿਲਾਂ ਸਾਢੇ ਚਾਰ ਸਾਲ ਵਿਕਾਸ ਦੀ ਹਨੇਰੀ ਕਿੰਥੇ ਗਈ ਸੀ? ਪਹਿਲਾਂ ਤਾਂ ਮੰਤਰੀ ਜੀ ਨੇ ਲੋਕਾਂ ਦੀ ਸਾਰ ਨਹੀਂ ਲਈ। ਹੁਣ ਜਦ ਵੋਟਾਂ ਸਿਰ 'ਤੇ ਆ ਗਈਆਂ ਹਨ ਤਾਂ ਹੁਣ ਵਿਕਾਸ ਦੀਆਂ ਹਨੇਰੀਆਂ ਝੁੱਲਣ ਲੱਗ ਪਈਆਂ ਹਨ। ਬੁਢਾਪਾ ਪੈਨਸ਼ਨਾਂ ਲੱਗਣ ਲੱਗ ਪਈਆਂ ਹਨ। ਗ਼ਰੀਬਾਂ ਦੇ ਕੱਚੇ ਮਕਾਨ ਪੱਕਿਆਂ ਵਿਚ ਤਬਦੀਲ ਹੋਣ ਲੱਗ ਪਏ ਹਨ। ਲੋਕਾਂ ਦੀ ਨਰਕ ਵਰਗੀ ਜ਼ਿੰਦਗੀ ਨੂੰ ਸਵਰਗ ਵਿਚ ਤਬਦੀਲ ਕਰਨ ਦੀਆਂ ਟਾਹਰਾਂ ਵੱਜਣ ਲੱਗ ਪਈਆਂ ਹਨ। ਤਾਊ ਸਿਹਾਂ, ਜਿੰਦਣ ਵੋਟਾਂ ਪੈ ਗਈਆਂ ਤੇ ਇਹ ਮੰਤਰੀ ਜੀ ਫਿਰ ਤੋਂ ਕੁਰਸੀ 'ਤੇ ਬਿਰਾਜਮਾਨ ਹੋ ਗਏ-ਇਹ ਵਿਕਾਸ ਦੀ ਹਨੇਰੀ ਕਿਤੋਂ ਲੱਭਿਆਂ ਵੀ ਨਹੀਂ ਲੱਭਦੀ।" ਘੁਣਤਰੀ ਨੇਤਾ ਜੀ ਦੇ ਅਖੌਤੀ ਵਿਕਾਸ ਮਾਡਲ ਨੂੰ ਲੀਰੋ-ਲੀਰ ਕਰਦਾ ਹੈ। •

ਕਾਸ਼!

ਕਹਾਣੀ

ਜ਼ਿੰਦਗੀ ਦੇ ਸਫ਼ਰ 'ਚ ਕਈ ਵਾਰ ਅਜਿਹੇ ਲੋਕ ਮਿਲਦੇ ਹਨ ਜੋ ਸਦਾ ਲਈ ਦਿਲ 'ਚ ਥਾਂ ਬਣਾ ਲੈਂਦੇ ਹਨ। ਉਨ੍ਹਾਂ ਨੂੰ ਭੁੱਲਣਾ ਮੁਸ਼ਕਲ ਹੁੰਦਾ ਹੈ ਪਰ ਸਾਡੇ ਸਮਾਜਿਕ ਹਾਲਾਤ ਅਤੇ ਰੀਤੀ ਰਿਵਾਜ ਉਸ ਨੂੰ ਪਰਵਾਨ ਕਰਨ 'ਚ ਅੜਿੱਕਾ ਬਣਦੇ ਹਨ। ਕਹਾਣੀ ਦੀ ਪਾਤਰ ਦੀ ਅਜਿਹੀ ਕਸ਼ਮਕਸ਼ ਨੂੰ ਬਿਆਨਦੀ ਹੈ ਇਹ ਕਹਾਣੀ...

• ਤਰਸੇਮ ਸਿੰਘ ਭੰਗੂ
94656-56214

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

"ਨਹੀਂ ਪ੍ਰੀਤ ਅਜਿਹੀ ਕੋਈ ਗੱਲ ਨਹੀਂ, ਦਰਅਸਲ ਸਾਡਾ ਸਵੈਭਰੋਸਾ ਹੀ ਸਾਡਾ ਅਸਲ ਗਹਿਣਾ ਹੈ, ਹਰੇਕ ਗੱਲ ਢਿੱਡ ਨਾਲ ਜੁੜਦੀ ਹੈ। ਅਸੀਂ ਰੋਟੀ ਦੇ ਜੁਗਾੜ ਲਈ ਘਰੋਂ ਨਿਕਲੇ ਹਾਂ, ਡਰਾਈਵਰ ਕੰਡਕਟਰ ਰੋਟੀ ਖਾਤਿਰ ਹੀ ਤੜਕੇ ਤੋਂ ਮੁਸਤੈਦ ਹਨ, ਮੂੰਗੇ ਮੁੰਦੀਆਂ ਵਿਚ ਇਸ ਸ਼ਖ਼ਸ ਦੀ ਰੋਟੀ ਛੁਪੀ ਹੋਈ ਹੈ।'

'ਬਾਬਾ ਥੋੜੀਆਂ ਗੱਲਾਂ ਮੇਰੀ ਸਮਝ ਬਿਲਕੁਲ ਹੀ ਨਹੀਂ ਪੈ ਰਹੀਆਂ।' ਪ੍ਰੀਤ ਨੇ ਵਿੱਚੋਂ ਹੀ ਕੱਟਦਿਆਂ ਕਿਹਾ।

ਨਾਨ ਸਟਾਪ ਬੱਸ ਸਮਰਾਲੇ ਚੌਕ 'ਚੋਂ ਸਵਾਰੀਆਂ ਚੜ੍ਹਾਅ ਕੇ ਚੰਡੀਗੜ੍ਹ ਸੜਕ 'ਤੇ ਦੌੜਨ ਲੱਗੀ।

ਪ੍ਰੀਤ ਮੋਗੇ ਨੇੜੇ ਇਕ ਪਿੰਡ ਦੇ ਸਹਿੰਦੇ ਬਰਾੜਾਂ ਦੀ ਰੰਗੇ ਚਾਲ-ਚਲਣ ਵਾਲੀ ਧੀ ਸੀ। ਮਾਪਿਆਂ ਨੂੰ ਆਪਣੀ ਧੀ 'ਤੇ ਇਸ ਲਈ ਵੀ ਮਾਣ ਸੀ ਕਿ ਬਰਾੜ ਸਰਦਾਰਾਂ ਦਾ ਇਲਾਕੇ ਵਿਚ ਹਰ ਪੱਖ ਤੋਂ ਦਬਦਬਾ ਸੀ। ਪਰ ਅੱਖਾਂ ਚੰਦਰੀਆਂ ਦਾ ਕੋਈ ਕੀ ਕਰੇ? ਗੁਰਜੀਤ ਤੇ ਪ੍ਰੀਤ ਇਸ ਸਫ਼ਰ ਵਿਚ ਇੰਜ ਘੁਲ-ਮਿਲ ਗਏ ਸਨ ਜਿਵੇਂ ਚਿਰਾਂ ਤੋਂ ਇਕ ਦੂਜੇ ਨੂੰ ਜਾਣਦੇ ਹੋਣ। ਬੱਸ ਦੇ ਹਿਲੋਰਿਆਂ ਨੇ ਪ੍ਰੀਤ ਦੀਆਂ ਅੱਖਾਂ ਭਾਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਉਹ ਗੁਰਜੀਤ ਦੇ ਮੋਢੇ ਨਾਲ ਸਿਰ ਲਾਈ ਹੁਸੀਨ ਸੁਫ਼ਨਿਆਂ ਵਿਚ ਗਵਾਚ ਗਈ।

ਪਹਿਲੀ ਮੁਲਾਕਾਤ ਵਿਚ ਹੀ ਪ੍ਰੀਤ ਦੇ ਇੰਨ ਘੁਲਣ ਮਿਲਣ ਦਾ ਗੁਰਜੀਤ 'ਤੇ ਕੋਈ ਅਸਰ ਨਹੀਂ ਹੋਇਆ। ਉਸਨੂੰ ਪਤਾ ਸੀ ਕਿ ਯਥਾਰਥ ਦਾ ਸਾਹਮਣਾ ਕੋਈ ਦਿਲ-ਗੁਰਦੇ ਵਾਲਾ ਹੀ ਕਰਦਾ ਹੈ।

ਉਹ ਉਸਦੇ ਅੱਲੜ੍ਹ ਅਤੇ ਭੋਲੇਪਨ ਦਾ ਭਰਮ ਵਕਤੋਂ ਪਹਿਲਾਂ ਨਹੀਂ ਤੋੜਨਾ ਚਾਹੁੰਦਾ ਸੀ। ਕੁਝ ਸਮੇਂ ਬਾਅਦ ਸਭ ਕੁਝ ਸਾਹਮਣੇ ਆ ਹੀ ਜਾਣਾ ਸੀ।

ਝਟਕਾ ਲੱਗ ਕੇ ਰੁਕੀ ਬੱਸ ਨੇ ਊਂਘਲਾਊਂਦੀਆਂ ਸਾਰੀਆਂ ਸਵਾਰੀਆਂ ਸੁਚੇਤ ਕਰ ਦਿੱਤੀਆਂ। ਸ਼ਾਇਦ ਅੱਗੇ ਕੁਝ ਆ ਗਿਆ ਸੀ। ਅੱਖਾਂ ਮਲ਼ਦੀ ਡੌਰ-ਭੌਰ ਹੋਈ ਪ੍ਰੀਤ ਬੋਲੀ, 'ਗੁਰਜੀਤ ਤੁਸੀਂ ਠੀਕ ਓਂ ?'

'ਹਾਂ ਠੀਕ ਆਂ, ਮੈਨੂੰ ਕੀ ਹੋਇਆ?'

'ਗੁਰਜੀਤ ਮੈਂ ਹੁਣੇ-ਹੁਣੇ ਬੜਾ ਭੈੜਾ ਸੁਫ਼ਨਾ ਵੇਖਿਆ ਹੈ, ਸੁਫ਼ਨੇ ਵਿਚ ਅਸੀਂ ਦੋਵੇਂ ਕਿਧਰੇ ਘੁੰਮਣ ਜਾ ਰਹੇ ਹਾਂ, ਸਾਡਾ ਐਕਸੀਡੈਂਟ ਹੋ ਗਿਆ ਹੈ, ਥੋੜੀ ਖੱਬੀ ਲੱਤ ਟੁੱਟ ਗਈ ਹੈ, ਤੁਸੀਂ ਲੰਗੜਾਅ ਕੇ ਤੁਰ ਰਹੇ ਹੋ, ਫਿਰ ਵੀ ਕਹਿ ਰਹੇ ਹੋ ਮੈਂ ਠੀਕ ਹਾਂ, ਥੋੜੇ ਵੱਲ ਵੇਖ ਕੇ ਮੇਰਾ ਬੁਰਾ ਹਾਲ ਹੈ, ਵਾਹਿਗੁਰੂ ਸੁੱਖ ਰੱਖੀਂ।' ਕਹਿੰਦੀ ਪ੍ਰੀਤ ਨੇ ਆਪਣੇ ਦੋਵੇਂ ਹੱਥ ਮੂੰਹ 'ਤੇ ਫੇਰੇ।

'ਭੋਲ਼ੀਏ ਚੰਦਰੇ ਸੁਫ਼ਨੇ ਭੁੱਲਣਾ ਹੀ ਬਿਹਤਰ ਹੁੰਦੈ, ਜਾਗਦਿਆਂ ਸੁਫ਼ਨੇ ਲੈ ਕੇ ਪੂਰੇ ਕਰਨ ਦੀ ਸਮਰਥਾ ਪੈਦਾ ਕਰਕੇ ਅਸੀਂ ਕਾਮਯਾਬੀ ਦੀਆਂ ਮੰਜ਼ਿਲਾਂ ਸਰ ਕਰ ਸਕਦੇ ਹਾਂ।'

ਅਚਾਨਕ ਬਰੇਕ ਲੱਗ ਕੇ ਬੱਸ ਫਿਰ ਆਪਣੀ ਮੰਜ਼ਿਲ ਵੱਲ ਦੌੜ ਰਹੀ ਸੀ। ਨਿੱਕੀਆਂ-ਨਿੱਕੀਆਂ ਗੱਲਾਂ ਕਰਦਿਆਂ ਪਤਾ ਹੀ ਨਾ ਲੱਗਾ ਕਦੋਂ ਬੱਸ ਸਤਾਰਾਂ ਸੈੱਕਟਰ ਚੰਡੀਗੜ੍ਹ ਦੇ ਬੱਸ ਅੱਡੇ ਦੇ ਪ੍ਰਵੇਸ਼ ਗੇਟ ਤੋਂ ਥੋੜ੍ਹਾ ਅੱਗੇ ਜਾ ਕੇ ਰੁਕ ਗਈ।

ਬੱਸ ਵਿੱਚੋਂ ਪਹਿਲਾਂ ਉਤਰਨ ਲਈ ਸਵਾਰੀਆਂ ਇਕ-ਦੂਜੇ ਨਾਲ ਖਹਿਣ ਲੱਗੀਆਂ, ਖਿੜਕੀਆਂ ਵਾਲੇ ਪਾਸੇ ਵਾਲੀਆਂ ਨੂੰ ਇੰਤਜ਼ਾਰ ਕਰਨਾ ਪੈਣਾ ਸੀ। ਪ੍ਰੀਤ ਪਹਿਲਾਂ ਉਤਰ ਕੇ ਗੁਰਜੀਤ ਦੇ ਉਤਰਨ ਦਾ ਇੰਤਜ਼ਾਰ ਕਰਨ ਲੱਗੀ। ਸਵਾਰੀਆਂ ਬੱਸੋਂ ਉਤਰਦਿਆਂ ਹੀ ਆਪੋ-ਆਪਣੇ ਰਾਹ ਪੈ ਰਹੀਆਂ ਸਨ। ਗੁਰਜੀਤ ਆਪਣਾ ਬੈਗ ਸੰਭਾਲਦਾ ਬੜੇ ਠਰ੍ਹੰਮੇ ਜਿਹੇ ਨਾਲ ਉਤਰਿਆ। ਗੁਰਜੀਤ ਨੂੰ ਬੱਸੋਂ ਉਤਰਕੇ ਲੰਗੜਾਉਂਦਾ ਵੇਖ ਪ੍ਰੀਤ ਹੈਰਾਨੀ ਨਾਲ ਉਸ ਵੱਲ ਅਹੁਲਦੀ ਬੋਲੀ, 'ਕੀ ਗੱਲ ਗੁਰਜੀਤ ਪੈਰ ਸੁੰਨ ਹੋ ਗਿਆ ਬੈਠੇ-ਬੈਠੇ?'

'ਨਹੀਂ ਪ੍ਰੀਤ ਜੀ, ਇਹ ਤਾਂ ਜਨਮ ਤੋਂ ਈ ਸੁੰਨ ਐ। ਆਓ ਚੱਲੀਏ ਟੌਂਸਟ ਦਾ ਟਾਈਮ ਹੋ ਰਿਹੈ।' ਗੁਰਜੀਤ ਨੇ ਅੱਡਿਓਂ ਬਾਹਰ ਨੂੰ ਨਿਕਲਦੇ ਰਸਤੇ ਵੱਲ ਇਸ਼ਾਰਾ ਕਰਦਿਆਂ ਕਿਹਾ।

ਪਰ ਪ੍ਰੀਤ ਥਾਏਂ ਹੀ ਜੰਮ ਗਈ ਜਿਵੇਂ ਬੱਸ 'ਚ ਵੇਖਿਆ ਸ

ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਤਹਿਤ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਦਰਜ ਮੈਂਬਰਾਂ ਦੀ ਈ-ਕੇ.ਵਾਈ.ਸੀ ਕਰਵਾਉਣ ਦੀ ਅਪੀਲ

ਸਮੂਹ ਡਿਪੂ ਹੋਲਡਰ ਆਪਣੇ-ਆਪਣੇ ਇਲਾਕੇ ਵਿੱਚ ਪੈਂਦੇ ਖਪਤਕਾਰਾਂ ਨੂੰ ਈ-ਕੇ.ਵਾਈ.ਸੀ ਕਰਵਾਉਣ ਲਈ ਪ੍ਰੇਰਿਤ ਕਰਨ ਤਾਂ ਜੋ ਕੋਈ ਖਪਤਕਾਰ ਮਿਤੀ 31 ਮਾਰਚ 2025 ਤੋਂ ਬਾਅਦ ਰਾਸ਼ਨ ਲੈਣ ਤੋਂ ਵਾਂਝਾ ਨਾ ਰਹਿ ਜਾਵੇ

ਪਟਿਆਲਾ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਜ਼ਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਡਾ. ਰੂਪਪ੍ਰੀਤ ਕੌਰ ਨੇ ਜ਼ਿਲ੍ਹੇ ਦੇ ਸਮੂਹ ਸਹਾਇਕ ਖੁਰਾਕ ਤੇ ਸਪਲਾਈਜ਼ ਅਫ਼ਸਰਾਂ, ਨਿਰੀਖਕ ਇੰਚਾਰਜ (ਵੰਡ) ਅਤੇ ਡਿਪੂ ਹੋਲਡਰਾਂ, ਨਾਲ ਮੀਟਿੰਗਾਂ ਕਰਕੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਤਹਿਤ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਦਰਜ ਮੈਂਬਰਾਂ ਦੀ ਈ-ਕੇ ਵਾਈ ਸੀ ਕਰਵਾਉਣ ਦੇ ਕੰਮ ਨੂੰ ਮਿਥੀ ਤਾਰੀਕ ਤੱਕ ਮੁਕੰਮਲ ਕਰਨ ਲਈ ਹਦਾਇਤ ਕੀਤੀ ਹੈ।

ਡੀ.ਐਫ.ਐਸ.ਸੀ. ਨੇ ਦੱਸਿਆ ਕਿ ਪੰਜਾਬ ਦੇ ਖੁਰਾਕ ਤੇ ਸਪਲਾਈਜ਼ ਮੰਤਰੀ, ਪ੍ਰਮੁੱਖ ਸਕੱਤਰ ਅਤੇ ਵਿਭਾਗ ਦੇ ਡਾਇਰੈਕਟਰ ਵੱਲੋਂ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਨੂੰ ਈ-ਕੇ.ਵਾਈ.ਸੀ ਦਾ ਕੰਮ ਮਿਤੀ 31 ਮਾਰਚ 2025 ਤੱਕ ਮੁਕੰਮਲ ਕਰਨ ਦੀ ਕੀਤੀ ਗਈ ਹਦਾਇਤ ਤਹਿਤ ਪਟਿਆਲਾ ਜ਼ਿਲ੍ਹੇ ਅੰਦਰ ਉਹ ਲਗਾਤਾਰ ਮੀਟਿੰਗਾਂ ਕਰ ਰਹੇ ਹਨ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਹੜੇ ਲੋਕਾਂ ਦੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਤਹਿਤ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਮੈਂਬਰਾ ਦਰਜ ਹਨ, ਉਨ੍ਹਾਂ ਦੀ ਈ-ਕੇ.ਵਾਈ.ਸੀ ਕਰਵਾਈ ਜਾਵੇ।

ਰੂਪਪ੍ਰੀਤ ਕੌਰ ਨੇ ਦੱਸਿਆ ਕਿ ਇਸ ਪ੍ਰੀਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਖੁਰਾਕ ਤੇ ਸਪਲਾਈਜ਼ ਵਿਭਾਗ ਦੇ ਫੀਲਡ ਅਫ਼ਸਰਾਂ ਨੂੰ ਆਪਣੇ-ਆਪਣੇ ਕਾਰਜ ਖੇਤਰ ਵਿੱਚ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013/ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਜਾਰੀ ਰਾਸ਼ਨ ਕਾਰਡਾਂ ਵਿੱਚ ਦਰਜ ਸਮੂਹ ਮੈਂਬਰਾਂ ਦੀ ਈ-ਕੇ.ਵਾਈ.ਸੀ ਦਾ ਕੰਮ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕੀਤੀ ਜਾ ਰਹੀ ਹੈ।

ਉਨ੍ਹਾਂ ਨੇ ਡਿਪੂ ਹੋਲਡਰਾਂ ਨੂੰ ਵੀ ਅਪੀਲ ਕੀਤੀ ਕਿ ਉਨ੍ਹਾਂ ਵੱਲੋਂ ਆਪਣੇ-ਆਪਣੇ ਇਲਾਕੇ ਵਿੱਚ ਪੈਂਦੇ ਖਪਤਕਾਰਾਂ ਨੂੰ ਈ-ਕੇ.ਵਾਈ.ਸੀ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ, ਤਾਂ ਜੋ ਕੋਈ ਖਪਤਕਾਰ ਮਿਤੀ 31 ਮਾਰਚ 2025 ਤੋਂ ਬਾਅਦ ਰਾਸ਼ਨ ਲੈਣ ਤੋਂ ਵਾਂਝਾ ਨਾ ਰਹਿ ਜਾਵੇ

ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਸੰਕੇਤਿਕ ਭਾਸ਼ਾ ਦੀ ਹੋਈ ਸਫਲਤਾਪੂਰਵਕ ਸ਼ੁਰੂਆਤ: ਡਾ ਬਲਜੀਤ ਕੌਰ

ਚੰਡੀਗੜ੍ਹ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਦੱਸਿਆ ਹੈ ਕਿ ਅੱਜ ਤੋਂ ਸ਼ੁਰੂ ਹੋਈ 16ਵੀਂ ਪੰਜਾਬ ਵਿਧਾਨ ਸਭਾ ਵਿੱਚ ਪੰਜਾਬ ਦੇ ਰਾਜਪਾਲ ਦੀ ਸਪੀਚ ਨੂੰ ਸੰਕੇਤਿਕ ਭਾਸ਼ਾ ਵਿੱਚ ਵੀ ਸਫਲਤਾਪੂਰਵਕ ਪ੍ਰਸਾਰਿਤ ਕੀਤਾ ਗਿਆ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਕਿ ਅੱਜ ਸ਼ੁਰੂ ਹੋਏ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਅਹਿਮ ਵਿਧਾਨਿਕ ਗਤੀਵਿਧੀਆਂ ਨੂੰ ਸੰਕੇਤਿਕ ਭਾਸ਼ਾ ਵਿੱਚ ਵੀ ਪ੍ਰਸਾਰਿਤ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ।

ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਅੱਗੇ ਕਿਹਾ ਕਿ ਵਿਧਾਨ ਸਭਾ ਵਿੱਚ ਪੰਜਾਬ ਦੇ ਰਾਜਪਾਲ ਦੀ ਸਪੀਚ ਨੂੰ ਸੰਕੇਤਿਕ ਭਾਸ਼ਾ ਵਿੱਚ ਪ੍ਰਸਾਰਿਤ ਕਰਨਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ

ਨਿਵੇਕਲੀ ਪਹਿਲਕਦਮੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਅਹਿਮ ਮੁੱਦਿਆਂ ਨੂੰ ਸੰਕੇਤਿਕ ਭਾਸ਼ਾ ਵਿੱਚ ਵੀ ਸ਼ੁਰੂ ਕਰਨ ਨਾਲ ਉਨ੍ਹਾਂ ਲੋਕਾਂ ਨੂੰ ਸਰਕਾਰ ਦੀਆਂ ਨੀਤੀਆਂ ਅਤੇ ਰਾਜਨੀਤਿਕ ਗੱਤੀਵਿਧੀਆਂ ਦਾ ਗਿਆਨ ਹੋਵੇਗਾ ਜੋ ਬੋਲਣ ਅਤੇ ਸੁਣਨ ਵਿੱਚ ਅਸਮਰੱਥ ਹਨ।

ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਅਹਿਮ ਮੁੱਦਿਆਂ ਨੂੰ ਸੰਕੇਤਿਕ ਭਾਸ਼ਾ ਵਿੱਚ ਪ੍ਰਸਾਰਿਤ ਕਰਨ ਲਈ ਉਨ੍ਹਾਂ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੂੰ ਸਿਫਾਰਸ਼ ਕੀਤੀ ਗਈ ਸੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਉਨ੍ਹਾਂ ਦੀ ਇਸ ਸਿਫਾਰਸ਼ ਨੂੰ ਸਵੀਕਾਰ ਕਰਦੇ ਹੋਏ ਅੱਜ ਦੀ ਪੰਜਾਬ ਵਿਧਾਨ ਸਭਾ ਦੇ ਅਹਿਮ ਮੁੱਦਿਆਂ ਨੂੰ ਸੰਕੇਤਿਕ ਭਾਸ਼ਾ ਵਿੱਚ ਵੀ ਪ੍ਰਸਾਰਿਤ ਕੀਤਾ ਗਿਆ ਹੈ।

ਡਾ ਬਲਜੀਤ ਕੌਰ ਵੱਲੋਂ ਇਸ ਪਹਿਲਕਦਮੀ ਨੂੰ ਲਾਗੂ ਕਰਨ ਲਈ ਕੀਤੀ ਗਈ ਅਗਵਾਈ ਲਈ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫੈਸਲੇ ਦੇ ਲਾਗੂ ਹੋਣ ਨਾਲ ਸੁਣਨ ਅਤੇ ਬੋਲਣ ਵਿੱਚ ਅਸਮੱਰਥ ਵਿਅਕਤੀਆਂ ਨੂੰ ਸਰਕਾਰ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਿਲ ਹੋਵੇਗੀ ਅਤੇ ਰਾਜ ਸਰਕਾਰ ਦੇ ਵਿਕਾਸ ਵਿੱਚ ਪੂਰੀ ਤਰ੍ਹਾਂ ਭਾਗੀਦਾਰ ਬਣਾਇਆ ਜਾ ਸਕੇਗਾ।

ਵਿਜੀਲੈਂਸ ਤੇ ਸਿਹਤ ਵਿਭਾਗ ਵੱਲੋਂ ਸਾਂਝੀ ਕਾਰਵਾਈ: ਬਿਨਾਂ ਲਾਇਸੈਂਸ ਵਾਲੀਆਂ ਸੋਇਆ ਚਾਂਪ, ਮੋਮੋਜ਼ ਫੈਕਟਰੀਆਂ ਸੀਲ

ਚੰਡੀਗੜ੍ਹ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚ ਚੱਲ ਰਹੀ ਭ੍ਰਿਸ਼ਟਾਚਾਰ ਵਿਰੁੱਧ ਜੰਗ" ਮੁਹਿੰਮ ਤਹਿਤ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਪੰਜਾਬ ਵਿਜੀਲੈਂਸ ਬਿਊਰੋ ਨੇ ਸਿਹਤ ਅਤੇ ਖੁਰਾਕ ਸੁਰੱਖਿਆ ਵਿਭਾਗ ਦੇ ਸਹਿਯੋਗ ਨਾਲ, ਅੰਮ੍ਰਿਤਸਰ ਸ਼ਹਿਰ ਵਿੱਚ ਫੂਡ ਪ੍ਰੋਸੈਸਿੰਗ ਫੈਕਟਰੀਆਂ ਅਤੇ ਦੁਕਾਨਾਂ ਦਾ ਅਚਨਚੇਤ ਨਿਰੀਖਣ ਕੀਤਾ। ਇਸ ਕਾਰਵਾਈ ਦੌਰਾਨ ਬਿਨਾਂ ਲਾਇਸੈਂਸ ਅਤੇ ਹਲਕੀ ਗੁਣਵੱਤਾ ਦੇ ਖਾਧ-ਪਦਾਰਥ ਬਣਾਉਣ ਵਾਲੇ ਯੂਨਿਟ, ਖਾਸ ਕਰਕੇ ਸੋਇਆ ਚਾਂਪ ਅਤੇ ਮੋਮੋਜ਼ ਬਣਾਉਣ ਵਾਲੀਆਂ ਥਾਵਾਂ 'ਤੇ ਚੈਕਿੰਗ ਕੀਤੀ ਗਈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ, ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਅਤੇ ਸਿਹਤ ਤੇ ਖ਼ੁਰਾਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਦੀ ਇੱਕ ਸਾਂਝੀ ਟੀਮ ਨੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੈਰ-ਸਵੱਛ ਫੈਕਟਰੀਆਂ ਅਤੇ ਖਾਣ-ਪੀਣ ਦੀਆਂ ਵਸਤਾਂ ਬਣਾਉਣ ਵਾਲੀਆਂ ਦੁਕਾਨਾਂ 'ਤੇ ਛਾਪੇਮਾਰੀ ਕੀਤੀ। ਆਪਰੇਸ਼ਨ ਦੌਰਾਨ, ਟੀਮ ਨੇ ਰਾਮਬਾਗ ਖੇਤਰ ਵਿੱਚ ਥੋਕ ਦੁਕਾਨਾਂ ਦਾ ਨਿਰੀਖਣ ਕੀਤਾ, ਜਿੱਥੇ ਸੋਇਆ ਚਾਂਪ ਅਤੇ ਮੋਮੋਜ਼ ਦੇ ਨਮੂਨੇ ਲਏ ਗਏ ਸਨ ਅਤੇ ਦੁਕਾਨਾਂ ਨੂੰ ਸੀਲ ਕਰ ਦਿੱਤੇ ਗਏ। ਇਹ ਵੀ ਪਤਾ ਲੱਗਾ ਕਿ ਕਈ ਦੁਕਾਨਦਾਰਾਂ ਕੋਲ ਲੋੜੀਂਦੇ ਭੋਜਨ ਸੁਰੱਖਿਆ ਲਾਇਸੈਂਸ ਨਹੀਂ ਸਨ ਅਤੇ ਉਹ ਖਾਣ-ਪੀਣ ਦੀਆਂ ਚੀਜਾਂ ਨੂੰ ਬਹੁਤ ਗ਼ੈਰ-ਸਿਹਤਮੰਦ ਤੇ ਗੰਦ-ਮੰਦੇ ਮਾਹੌਲ ਵਿੱਚ ਸਟੋਰ ਕਰ ਰਹੇ ਸਨ। ਉਨਾਂ ਅੱਗੇ ਕਿਹਾ,'' ਉਲੰਘਣਾ ਕਰਨ ਵਾਲਿਆਂ ਦੇ ਚਲਾਨ (ਜੁਰਮਾਨੇ) ਕੀਤੇ ਗਏ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ, ਟੀਮ ਨੇ ਅੰਗੜ ਵਿੱਚ ਸਥਿਤ ਦੋ ਸੋਇਆ ਚਾਂਪ ਬਣਾਉਣ ਵਾਲੀਆਂ ਫੈਕਟਰੀਆਂ 'ਤੇ ਛਾਪੇਮਾਰੀ ਕੀਤੀ ਗਈ।

ਦੋਵੇਂ ਫੈਕਟਰੀਆਂ ਬਹੁਤ ਹੀ ਗੈਰ-ਸਿਹਤਮੰਦ ਸਥਿਤੀਆਂ ਵਿੱਚ ਅਤੇ ਬਿਨਾਂ ਭੋਜਨ ਸੁਰੱਖਿਆ ਲਾਇਸੈਂਸਾਂ ਤੋਂ ਕੰਮ ਕਰਦੀਆਂ ਪਾਈਆਂ ਗਈਆਂ। ਨਤੀਜੇ ਵਜੋਂ, ਫੈਕਟਰੀਆਂ ਨੂੰ ਤੁਰੰਤ ਸੀਲ ਕਰ ਦਿੱਤਾ ਗਿਆ ਅਤੇ ਹੋਰ ਜਾਂਚ ਲਈ ਚਾਂਪ ਅਤੇ ਹੋਰ ਖਾਧ-ਪਦਾਰਥਾਂ ਦੇ ਨਮੂਨੇ ਲਏ ਗਏ।

ਸੀ. ਆਈ. ਪੀ. ਟੀ. ਦੁਆਰਾ ਵਿਸ਼ਵ ਜਲ ਦਿਵਸ ਮਨਾਇਆ ਗਿਆ

ਫਤਹਿਗੜ੍ਹ ਸਾਹਿਬ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੀ.ਆਈ.ਪੀ.ਟੀ (ਸੈਂਟਰਸ ਫੋਰ ਇੰਟਰਨੈਸ਼ਨਲ ਪ੍ਰੋਜੈਕਟ ਟਰਸਟ) ਸੰਸਥਾ ਦੁਆਰਾ ਸਹਿਕਾਰੀ ਸਭਾ ਸੰਗਤਪੁਰਾ ਸੋਡੀਆਂ ਵਿਖੇ ਫਲਦਾਰ ਅਤੇ ਸ਼ਾਨਦਾਰ ਪੌਦੇ ਲਗਾ ਕੇ ਵਿਸ਼ਵ ਜਲ ਦਿਵਸ ਮਨਾਇਆ ਗਿਆ ਸੀ.ਆਈ.ਪੀ.ਟੀ ਸੰਸਥਾ ਇੱਕ ਗੈਰ ਮੁਨਾਫਾ ਸੰਸਥਾ ਹੈ ਜਿਹੜੀ ਭਾਰਤ ਵਿੱਚ 2008 ਵਿੱਚ ਕਲੰਬੀਆ ਵਾਟਰ ਸੈਂਟਰ ਕਲੰਬੀਆ ਯੂਨੀਵਰਸਿਟੀ ਨਿਊਯਾਰਕ ਅਮਰੀਕਾ ਵੱਲੋਂ ਸਥਾਪਿਤ ਕੀਤੀ ਹੈ. ਸੀ ਆਈ ਪੀ.ਟੀ. ਸੰਸਥਾ ਦਾ ਮੁੱਖ ਸਿਧਾਂਤ ਪਾਣੀ ਦੇ ਸਰੋਤਾਂ ਦੀ ਸਾਂਭ ਸੰਭਾਲ ਅਤੇ ਇਹਨਾਂ ਦੀ ਸੁਚੱਜੀ ਵਰਤੋਂ ਅਤੇ ਤੇਜ ਰਫਤਾਰੀ ਯੁੱਗ ਵਿੱਚ ਕਿਸਾਨੀ ਅਤੇ ਘਰੇਲੂ ਆਮਦਨ ਵਿੱਚ ਵਾਧਾ ਕਰਨਾ ਹੈ. ਸੀ. ਆਈ.ਪੀ. ਟੀ ਸੰਸਥਾ ਕੁਦਰਤੀ ਸਰੋਤਾਂ ਦੀ ਸਾਂਭ ਸੰਭਾਲ ਲਈ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਜਿਨਾਂ ਵਿੱਚ ਸਹਿਕਾਰੀ ਸਭਾਵਾਂ, ਸਹਿਕਾਰਤਾ ਵਿਭਾਗ ਖੇਤੀਬਾੜੀ ਵਿਭਾਗ ਅਤੇ ਕਿਸਾਨ ਭਲਾਈ ਵਿਭਾਗ, ਐਫ ਪੀ.ਓ ਕੇਵੀ ਕੇ ਆਦਿ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਲਈ ਬਚਨ ਬੰਦ ਹੈ. ਸੀ.ਆਈ.ਪੀ.ਟੀ ਅਤੇ ਐਚ ਯੂ ਐਫ ਦੁਆਰਾ 2018-2023 ਤੱਕ ਪੰਜਾਬ ਦੇ ਚਾਰ ਜਿਲਿਆਂ ਅਤੇ 76 ਸਹਿਕਾਰੀ ਸਭਾਵਾਂ ਅਧੀਨ ਆਉਂਦੇ ਪਿੰਡਾਂ ਵਿੱਚ 20000 ਤੋਂ ਕਿਸਾਨਾਂ ਨਾਲ ਮਿਲ ਕੇ ਨਵੀਆਂ ਨਵੀਆਂ ਤਕਨੀਕਾਂ ਦੀ ਵਰਤੋਂ ਅਤੇ ਸਿਖਲਾਈ ਕੈਂਪ ਵਿਚ ਸਿਖਲਾਈ ਪ੍ਰਾਪਤ ਕਰਕੇ ਲਗਭਗ 428.2 ਅਰਬ ਲੀਟਰ ਪਾਣੀ ਦੀ ਬਚਤ ਕੀਤੀ ਗਈ. ਮੌਜੂਦਾ ਸਮੇਂ ਵਿੱਚ ਇਸ ਸੰਸਥਾ ਦੁਆਰਾ ਪੰਜਾਬ ਦੇ 12 ਜ਼ਿਲਿਆਂ ਦੀਆਂ 1600 ਸਹਿਕਾਰੀ ਸਭਾਵਾਂ ਅਤੇ 4500 ਪਿੰਡਾਂ ਵਿੱਚ ਪਹੁੰਚ ਕਰਕੇ ਕਿਸਾਨਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ ਤੇ ਲਾਭਕਾਰੀ ਉਪਰਾਲਿਆਂ ਨਾਲ ਜੋੜਿਆ ਜਾਵੇਗਾ. ਇਸ ਸਮੇਂ ਸੀ.ਆਈ.ਪੀ.ਟੀ ਦੇ ਏਰੀਆ ਇੰਚਾਰਜ ਵਰਿੰਦਰ ਸਿੰਘ ਅਤੇ ਸਹਿਕਾਰੀ ਸਭਾ ਸੰਗਤਪੁਰਾ ਸੋਢੀਆਂ ਦੇ ਸਕੱਤਰ ਸਰਦਾਰ ਗੁਰਮੀਤ ਸਿੰਘ ਜੀ ਪ੍ਰਧਾਨ, ਮੀਤ ਪ੍ਰਧਾਨ ਕਮੇਟੀ ਮੈਂਬਰਸ, ਸੇਲਜਮੈਨ ਅਮਿਤ ਕੁਮਾਰ ਅਤੇ ਅਗਾਂਹ ਵਧੂ ਕਿਸਾਨ ਮੌਜੂਦ ਸਨ।

ਸਰਕਾਰੀ ਯੋਜਨਾਵਾਂ ਦਾ ਲਾਭ ਹਰੇਕ ਨੌਜਵਾਨ ਨੂੰ ਜ਼ਰੂਰ ਲੈਣਾ ਚਾਹੀਦਾ ਹੈ : ਡਿਪਟੀ ਕਮਿਸ਼ਨਰ

ਪਟਿਆਲਾ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰ ਨੇ ਨੌਜਵਾਨਾਂ ਨੂੰ ਸਿਖਲਾਈ ਦੇਣ ਅਤੇ ਉਹਨਾਂ ਨੂੰ ਰੋਜ਼ਗਾਰ ਦੇ ਹੋਰ ਮੌਕੇ ਪ੍ਰਦਾਨ ਕਰਨ ਲਈ ਸਰਕਾਰੀ ਇੰਟਰਨਸ਼ਿਪ ਯੋਜਨਾ ਦਾ ਐਲਾਨ ਕੀਤਾ ਹੈ । ਇਸ ਦਾ ਲਾਭ ਹਰੇਕ ਨੌਜਵਾਨ ਨੂੰ ਜਰੂਰ ਲੈਣਾ ਚਾਹੀਦਾ ਹੈ । ਇਸ ਗੱਲ ਦਾ ਪ੍ਰਗਟਾਵਾ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਟਿਆਲਾ ਵਿਖੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਦੌਰਾਨ ਕੀਤਾ । ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ) ਨਵਰੀਤ ਕੌਰ ਸੇਖੋਂ ਵੀ ਮੌਜੂਦ ਸਨ । ਉਹਨਾਂ ਮੀਟਿੰਗ ਵਿੱਚ ਹਾਜਰ ਵਿਭਾਗਾਂ ਨੂੰ ਆਪਣੇ ਟੀਚੇ ਪੂਰੀ ਤਨਦੇਹੀ ਨਾਲ ਨੇਪਰੇ ਚਾੜ੍ਹਨ ਲਈ ਕਿਹਾ ।

ਡਿਪਟੀ ਕਮਿਸ਼ਨਰ ਪਟਿਆਲਾ ਨੇ ਇਸ ਮੀਟਿੰਗ ਵਿੱਚ ਅਗਨੀਵੀਰ ਦੀ ਭਰਤੀ ਰੈਲੀ ਸਬੰਧੀ ਅਧੀਨ ਅਨਾਥ ਬੱਚਿਆਂ ਦੇ ਸੁਨਿਹਰੇ ਭਵਿੱਖ ਲਈ ਉਹਨਾਂ ਦੀ ਕਾਊਂਸਲਿੰਗ ਕਰਕੇ ਰੋਜ਼ਗਾਰ/ਸਵੈ ਰੋਜ਼ਗਾਰ ਦੇ ਮੌਕਿਆਂ ਬਾਰੇ ਜਾਣੂ ਕਰਵਾਉਣ ਲਈ ਆਦੇਸ਼ ਦਿੱਤੇ ਤਾਂ ਜੋ ਉਹ ਆਪਣਾ ਸੁਨਿਹਰੀ ਭਵਿੱਖ ਬਣਾ ਸਕਣ । ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਨੂੰ ਵੱਧ ਤੋਂ ਵੱਧ ਕਾਊਂਸਲਿੰਗ ਸੈਸ਼ਨ ਕਰਨ ਦੇ ਵੀ ਆਦੇਸ਼ ਦਿੱਤੇ ਗਏ । ਉਹਨਾਂ ਨੇ ਆਈ.ਟੀ.ਆਈ. ਦੇ ਨੁਮਾਇੰਦਿਆਂ ਨੂੰ ਇੰਡਸਟਰੀ ਨਾਲ ਤਾਲਮੇਲ ਕਰਕੇ ਆਈ.ਟੀ.ਆਈ. ਦੇ ਪਾਸ ਆਊਟ ਪ੍ਰਾਰਥੀਆਂ ਨੂੰ ਅਪ੍ਰੈਂਟਿਸ਼ਪ ਕਰਵਾਉਣ ਲਈ ਵੀ ਕਿਹਾ। ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਪਟਿਆਲਾ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਵਿਸਥਾਰ ਵਿੱਚ ਦੱਸਿਆ ਕਿ ਇਸ ਯੋਜਨਾ ਅਧੀਨ ਦੇਸ਼ ਭਰ ਦੀਆਂ ਨਾਮੀ ਕੰਪਨੀਆਂ ਵਿੱਚ ਸਿਖਲਾਈ ਅਤੇ ਰੋਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ । ਇਸ ਸਕੀਮ ਅਧੀਨ ਉਮੀਦਵਾਰਾਂ ਨੂੰ 12 ਮਹੀਨੇ ਲਈ ਕੰਪਨੀਆਂ ਵਿੱਚ ਇੰਟਰਨਸ਼ਿਪ ਹੇਠ ਟਰੇਨਿੰਗ ਦਿੱਤੀ ਜਾਵੇਗੀ । ਉਹਨਾਂ ਦੱਸਿਆ ਕਿ ਜ਼ਿਲ੍ਹਾ ਪਟਿਆਲਾ ਦੇ ਜੋ ਉਮੀਦਵਾਰ ਹਾਈ ਸਕੂਲ, ਹਾਇਰ ਸੈਕੰਡਰੀ, ਆਈ.ਟੀ.ਆਈ. ਡਿਪਲੋਮਾ ਅਤੇ ਗ੍ਰੈਜੂਏਸ਼ਨ ਪਾਸ ਹਨ, ਜਿਨ੍ਹਾਂ ਦੀ ਉਮਰ 21 ਤੋਂ 24 ਸਾਲ ਹੈ , ਜਿਹਨਾਂ ਦੀ ਪਰਿਵਾਰਕ ਸਲਾਨਾ ਕਮਾਈ 8 ਲੱਖ ਤੋ ਘੱਟ ਹੈ , ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਨੌਕਰੀ ਨਹੀ ਕਰਦਾ, ਉਮੀਦਵਾਰ ਕੋਈ ਰੋਜ਼ਗਾਰ ਨਹੀ ਕਰਦਾ ਅਤੇ ਉਹ ਰੈਗੂਲਰ ਵਿਦਿਅਰਥੀ ਨਹੀ ਹੈ, ਅਜਿਹੇ ਉਮੀਦਵਾਰ ਇਸ ਯੋਜਨ

• ਦੇਵਿੰਦਰ ਦੀਦਾਰ
98142-45911

ਅੱਜ ਪਰਿਵਾਰ ਉਹ ਨਹੀਂ ਰਹਿ ਗਏ ਜੋ ਪਹਿਲਾਂ ਹੁੰਦੇ ਸਨ। ਪੈਸੇ ਦੇ ਪਾਸਾਰ ਤੇ ਬੇਰੁਜ਼ਗਾਰੀ ਨੇ ਹਰ ਇਕ ਨੂੰ ਮਤਲਬੀ ਬਣਾ ਦਿੱਤਾ ਹੈ। ਮਾਪਿਆਂ ਦੀ ਲਾਪਰਵਾਹੀ ਤੇ ਬੱਚਿਆਂ ਦੀ ਬੇਪਰਵਾਹੀ ਕਾਰਨ ਪਰਿਵਾਰਕ ਸਿਸਟਮ ਤਬਾਹ ਹੋਣ ਕੰਢੇ ਪਹੁੰਚ ਰਿਹਾ ਹੈ...

ਰਿਸ਼ਤਿਆਂ 'ਚ ਉੱਗੀ ਕਾਂਗਿਆਰੀ

ਜਦੋਂ ਬੱਚੇ ਆਪਣੇ ਬਜ਼ੁਰਗਾਂ ਨੂੰ ਹਨੇਰੇ ਕਮਰਿਆਂ ਵਿਚ ਬੰਦ ਕਰਕੇ ਆਪ ਚਾਨਣ ਦੀ ਤਲਾਸ਼ ਵਿਚ ਨਿਕਲਦੇ ਹਨ ਤਾਂ ਉਨ੍ਹਾਂ ਨੂੰ ਕਿਧਰੇ ਵੀ ਚਾਨਣ ਨਸੀਬ ਨਹੀਂ ਹੁੰਦਾ। ਜ਼ਿੰਦਗੀ ਦੇ ਰਾਹ ਰੁਸ਼ਨਾਉਣ ਲਈ ਮਾਂ-ਬਾਪ ਦੀਆਂ ਦੁਆਵਾਂ ਬਹੁਤ ਜ਼ਰੂਰੀ ਹੁੰਦੀਆਂ ਹਨ। ਜੋ ਘਰਦਿਆਂ ਦੀਆਂ ਅਸੀਸਾਂ ਲੈ ਕੇ ਨਹੀਂ ਤੁਰਦੇ, ਉਨ੍ਹਾਂ ਦੇ ਅਧਿਆਪਕ ਅਤੇ ਅਧਿਆਤਮਕ ਰਹਿਬਰ ਵੀ ਉਨ੍ਹਾਂ ਦੀ ਜ਼ਿੰਦਗੀ ਵਿਚ ਰੋਸ਼ਨੀ ਨਹੀਂ ਭਰ ਸਕਦੇ। ਧਾਰਮਿਕ ਯਾਤਰਾ ਅਤੇ ਦਾਨ-ਪੁੰਨ ਵੀ ਮਾਂ-ਬਾਪ ਦੀ ਸੇਵਾ ਤੋਂ ਬਾਅਦ ਹੀ ਫਲ ਦੇਂਦੇ ਹਨ।

ਮਾਂ-ਬਾਪ ਦੀ ਉਂਗਲੀ ਫੜੇ ਬਿਨਾਂ ਸ਼ਾਇਦ ਹੀ ਕੋਈ ਤੁਰਨਾ ਸਿੱਖਿਆ ਹੋਵੇ। ਜਿਨ੍ਹਾਂ ਨੇ ਮਾਂ ਦੀ ਲੋਰੀ ਬਿਨਾਂ ਬਚਪਨ ਗੁਜ਼ਾਰਿਆ ਹੁੰਦਾ ਹੈ, ਉਨ੍ਹਾਂ ਨੂੰ ਦੁਨੀਆ ਦਾ ਕੋਈ ਸੰਗੀਤ ਵੀ ਸਕੂਨ ਨਹੀਂ ਦੇ ਸਕਦਾ। ਸੰਸਾਰ ਵਿਚ ਅਜੇ ਤਕ ਕੋਈ ਵੀ ਇਸ ਤਰ੍ਹਾਂ ਦਾ ਝੂਲਾ ਨਹੀਂ ਬਣਿਆ ਜੋ ਮਾਂ ਦੀ ਗੋਦੀ ਅਤੇ ਬਾਪ ਦੇ ਕੰਧਾੜੇ ਦਾ ਮੁਕਾਬਲਾ ਕਰ ਸਕੇ। ਜਿਸ ਨੇ ਵੀ ਮਾਂ-ਬਾਪ ਤੋਂ ਬੇਮੁੱਖ ਹੋ ਕੇ ਮਾਇਆ ਅਤੇ ਪਦਵੀਆਂ ਨੂੰ ਪਹਿਲ ਦਿੱਤੀ ਹੈ, ਉਸ ਨੂੰ ਬਹੁਤ ਘੱਟ ਕਾਮਯਾਬੀ ਹਾਸਲ ਹੋਈ ਹੈ। ਦੁਖੀ ਮਾਂ-ਬਾਪ ਦੇ ਹਾਉਕੇ। ਡਰਾਉਣੇ ਸੁਪਨੇ ਬਣ ਕੇ ਉਨ੍ਹਾਂ ਦੀ ਨੀਂਦ ਹਰਾਮ ਕਰਦੇ ਰਹਿੰਦੇ ਹਨ। ਸਮਾਜ ਵੱਲੋਂ ਮਿਲਦੀਆਂ ਲਾਹਨਤਾਂ ਤੇ ਫਿਟਕਾਰਾਂ ਵੀ ਉਨ੍ਹਾਂ ਨੂੰ ਸੁਖ-ਚੈਨ ਨਾਲ ਨਹੀਂ ਜਿਊਣ ਦੇਂਦੀਆਂ। ਕੁਰਖ਼ਤ ਕਿਸਮ ਦੇ ਲੋਕ ਅਕਸਰ ਦੂਸਰਿਆਂ ਨੂੰ ਖ਼ੁਸ਼ ਨਹੀਂ ਦੇਖ ਸਕਦੇ। ਕਿਸੇ ਦਾ ਕੰਮ ਸੰਵਾਰਨ ਦੀ ਥਾਂ, ਉਹ ਕੰਮ ਵਿਗਾੜਨ ਵਿਚ ਜ਼ਿਆਦਾ ਰੁਚੀ ਰੱਖਦੇ ਹਨ। ਖੇਡ ਰਹੇ ਬੱਚਿਆਂ ਨੂੰ ਪਟੋਕੀਆਂ ਮਾਰ ਕੇ ਰਵਾਉਣਾ, ਕਿਸੇ ਦੀ ਪ੍ਰਾਪਤੀ ਨੂੰ ਵਡਿਆਉਣ ਦੀ ਥਾਂ ਉਸ ਦਾ ਹੌਸਲਾ ਤੋੜਨਾ, ਕਿਸੇ ਨੂੰ ਜਿੱਤ ਦੀ ਵਧਾਈ ਦੇਣ ਦੀ ਥਾਂ ਦੂਸਰੀ ਧਿਰ ਨੂੰ ਜ਼ਿਆਦਾ ਹੀ ਕਮਜ਼ੋਰ ਦੱਸ ਕੇ ਉਸ ਦੀ ਜਿੱਤ ਨੂੰ ਨਿਗੁਣਾ ਸਿੱਧ ਕਰਨਾ, ਕਿਸੇ ਦੇ ਚੰਗੇ ਭਲੇ ਕੰਮ 'ਚੋਂ ਕੀੜੇ ਕੱਢਣੇ ਆਦਿ ਉਨ੍ਹਾਂ ਦੀ ਆਦਤ ਬਣ ਜਾਂਦੀ ਹੈ। ਇਸ ਤਰ੍ਹਾਂ ਦੇ ਲੋਕਾਂ ਦਾ ਪਿਛੋਕੜ ਵੇਖਿਆ ਜਾਵੇ ਤਾਂ ਉਹ ਬਚਪਨ ਵਿਚ ਆਪਣੇ ਮਾਂ-ਬਾਪ ਦੇ ਪਿਆਰ ਤੋਂ ਵਿਰਵੇ ਰਹੇ ਹੁੰਦੇ ਹਨ। ਉੱਚੀ ਬੋਲ ਕੇ ਆਪਣੀ ਗੱਲ ਮਨਾਉਣ ਕਰਕੇ, ਅਕਸਰ ਇਹ ਲੋਕਾਂ ਤੋਂ ਦੂਰ ਹੋ ਜਾਂਦੇ ਹਨ। ਇਕ ਕੰਮ ਜਾਂ ਇਕ ਨੌਕਰੀ ਵਿਚ ਜ਼ਿਆਦਾ ਚਿਰ ਟਿਕ ਵੀ ਨਹੀਂ ਸਕਦੇ। ਦੂਸਰੇ ਦੀ ਗੱਲ ਸੁਣਨ ਜਾ ਮੰਨਣ ਨੂੰ ਆਪਣੀ ਤੌਹੀਨ ਸਮਝਣ ਵਾਲੇ ਇਸ ਤਰ੍ਹਾਂ ਦੇ ਲੋਕ ਜ਼ਿੰਦਗੀ ਵਿਚ ਘੱਟ ਹੀ ਮਿਲਾਪੜੇ ਹੁੰਦੇ ਹਨ। ਅਕਸਰ ਇਨ੍ਹਾਂ ਨੂੰ ਕੱਲ-ਖੋਰਿਆਂ ਦਾ ਨਾਂ ਹੀ ਮਿਲਦਾ ਹੈ।

ਅੱਜਕਲ੍ਹ ਜ਼ਿਆਦਾਤਰ ਮਾਂ-ਬਾਪ ਵੀ ਆਪਣੇ ਬੱਚਿਆਂ ਨੂੰ ਕੰਮ ਕਰਨ ਦੀ ਚੇਟਕ ਪਾਉਣ ਵਿਚ ਅਸਫਲ ਰਹਿ ਰਹੇ ਹਨ। ਘਰ ਦੇ ਨਿੱਕੇ-ਨਿੱਕੇ ਕੰਮ ਕਰਨ ਵਿਚ ਬੱਚਿਆਂ ਦੀ ਦਿਲਚਸਪੀ ਪੈਦਾ ਨਹੀਂ



ਕੀਤੀ ਜਾ ਰਹੀ, ਉਸ ਦੀ ਥਾਂ ਮਾਂ-ਬਾਪ ਖ਼ੁਦ ਉਨ੍ਹਾਂ ਦੇ ਸਾਰੇ ਕੰਮ ਕਰ ਦੇਂਦੇ ਹਨ। ਇਸ ਤਰ੍ਹਾਂ ਦੇ ਬੱਚੇ ਫਿਰ ਸਾਰੀ ਉਮਰ ਖ਼ੁਦ ਕੰਮ ਕਰਨ ਦੇ ਕਾਬਿਲ ਨਹੀਂ ਹੁੰਦੇ। ਉਹ ਸ਼ੁਰੂ ਤੋਂ ਹੀ ਆਪਣੇ ਆਪ ਨੂੰ ਬੌਸ ਸਮਝਣ ਦਾ ਭੁਲੇਖਾ ਪਾਲ ਲੈਂਦੇ ਹਨ। ਉਨ੍ਹਾਂ ਨੂੰ ਜੇ ਕਿਧਰੇ ਨੌਕਰੀ ਮਿਲ ਵੀ ਜਾਵੇ ਤਾਂ ਉਹ ਆਪਣੇ ਟੇਬਲ ਦਾ ਨੱਕਾ ਆਪਣੇ ਲਾਗਲੇ ਟੇਬਲ ਵੱਲ ਮੋੜਨ ਦਾ ਬਹਾਨਾ ਲੱਭ ਹੀ ਲੈਂਦੇ ਹਨ। ਜਿਨ੍ਹਾਂ ਨੇ ਮਾਂ-ਬਾਪ ਤੋਂ ਲਗਨ ਨਾਲ ਕੰਮ ਕਰਨ ਅਤੇ ਇਮਾਨਦਾਰੀ ਦੀ ਗੁੜ੍ਹਤੀ ਲਈ ਹੁੰਦੀ ਹੈ ਉਹ ਜ਼ਿਆਦਾਤਰ ਕਾਮਯਾਬ ਇਨਸਾਨ ਹੀ ਸਿੱਧ ਹੁੰਦੇ ਹਨ। ਉਨ੍ਹਾਂ ਦਾ ਟੇਬਲ ਦੂਸਰੇ ਸਾਥੀਆਂ ਦੀਆਂ ਫਾਈਲਾਂ ਨਾਲ ਭਰਿਆ ਹੀ ਰਹਿੰਦਾ ਹੈ, ਪਰ ਇਕ ਬੰਦਾ ਕਿੰਨਾ ਕੁ ਕੰਮ ਕਰ ਸਕਦਾ ਹੈ? ਕੰਮ-ਚੋਰ ਲੋਕਾਂ ਦੀ ਬਹੁਤਾਤ ਕਰਕੇ ਹੀ ਦਫ਼ਤਰਾਂ ਦੇ ਕੰਮਾਂ ਵਿਚ ਖੜੋਤ ਆ ਰਹੀ ਹੈ। ਸ਼ਾਇਦ ਇਸ ਖੜੋਤ ਕਾਰਨ ਹੀ ਸਾਰਾ ਦੇਸ਼ ਇਕ ਥਾਂ ਆਣ ਕੇ ਖਲੋ ਗਿਆ ਲੱਗਦਾ ਹੈ। ਬਸ ਘੜੀਆਂ ਦੀ ਟਿਕ-ਟਿਕ ਨਾਲ ਹੀ ਲੱਗਦਾ ਹੈ ਕਿ ਦੇਸ਼ ਅੱਗੇ ਨੂੰ ਵੱਧ ਰਿਹਾ ਹੈ।

ਸਾਡੇ ਜ਼ਿਆਦਾਤਰ ਲੋਕ ਕੰਮ ਕਰਨ ਦੀ ਥਾਂ ਬਹਿਸਾਂ ਵਿਚ ਉਲਝਦੇ ਜਾ ਰਹੇ ਹਨ। ਬਹਿਸਾਂ ਭਾਵੇਂ ਸੱਥਾਂ ਦੀਆਂ, ਵਿਧਾਨ ਸਭਾ ਦੀਆਂ, ਪਾਰਲੀਮੈਂਟ ਦੀਆਂ ਜਾਂ ਫਿਰ ਟੀ.ਵੀ. ਦੀਆਂ ਹੋਣ, ਹਰ ਕੋਈ ਦੂਸਰੇ ਉੱਪਰ ਨਫ਼ਰਤ ਭਰਿਆ ਚਿੱਕੜ ਸੁੱਟ ਕੇ ਆਪਣੇ ਆਪ ਨੂੰ ਸਾਫ਼-ਸੁਥਰਾ ਸਿੱਧ ਕਰਨ ਵਿਚ ਲੱਗਾ ਹੋਇਆ ਹੈ। ਆਪਣੀ ਪਸੰਦ ਦੂਸਰੇ ਉੱਪਰ ਥੋਪਣ ਦਾ ਰਿਵਾਜ ਵੀ ਚਰਮ ਸੀਮਾ 'ਤੇ ਹੈ ਅਤੇ ਆਪਣੇ ਧਰਮ ਨੂੰ ਸਭ ਤੋਂ ਵਿਸ਼ੇਸ਼ ਸਿੱਧ ਕਰਨ ਦੀ ਦੌੜ ਵੀ ਦਿਨੋ-ਦਿਨ ਵਧ ਰਹੀ ਹੈ। ਇਸ ਅੰਨ੍ਹੀ ਦੌੜ ਅਤੇ ਬਹਿਸ ਕਾਰਨ ਹੀ ਆਜ਼ਾਦੀ ਦੇ ਏਨੇ ਦਹਾਕੇ ਬੀਤ ਜਾਣ ਬਾਅਦ ਵੀ ਆਮ ਲੋਕਾਂ ਨੂੰ ਜ਼ਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਵੀ ਨਸੀਬ ਨਹੀਂ ਹੋ ਰਹੀਆਂ। ਗ਼ਰੀਬਾਂ ਲਈ ਰੋਟੀ, ਕੱਪੜੇ ਅਤੇ ਮਕਾਨ ਦੀ ਸਮੱਸਿਆ ਵੀ ਜ਼ਿਆਦਾਤਰ ਸਰਕਾਰੀ ਫਾਈਲਾਂ ਵਿਚ ਹੀ ਰੁਲ ਰਹੀ ਹੈ।

ਇਕ ਜ਼ਮਾਨਾ ਸੀ ਜਦੋਂ ਤਕਰੀਬਨ ਹਰ ਘਰ ਵਿਚ ਸ਼ਾਮ ਨੂੰ ਬੱਚੇ ਦਾਦੀਆਂ-ਨਾਨੀਆਂ ਦੇ ਮੰਜੇ ਲਾਗੇ ਇਕੱਠੇ ਹੋ ਕੇ ਕਈ ਤਰ੍ਹਾਂ ਦੀਆਂ ਬੁਝਾਰਤਾਂ, ਬਾਤਾਂ ਅਤੇ ਹੋਰ ਹੱਡ-ਬੀਤੀਆਂ ਤੇ ਜੱਗ-ਬੀਤੀਆਂ ਸੁਣਦੇ ਹੁੰਦੇ ਹਨ ਜਿਸ ਨਾਲ ਉਨ੍ਹਾਂ ਨੂੰ ਸਿੱਖ-ਮੱਤ ਅਤੇ ਹੋਰ ਸੰਸਕਾਰ ਵੀ ਸਿੱਖਣ ਨੂੰ ਮਿਲਦੇ ਸਨ। ਅੱਜ ਕਲ੍ਹ ਅੱਵਲ ਤਾਂ ਬੱਚਿਆਂ ਨੂੰ ਫੋਨ, ਨੈੱਟ ਅਤੇ ਟੀ.ਵੀ. ਹੀ ਬਜ਼ੁਰਗਾਂ ਦੇ ਲਾਗੇ ਨਹੀਂ ਢੁੱਕਣ ਦੇਂਦੇ, ਜੇ ਭੁੱਲ-ਭੁਲੇਖੇ ਉਹ ਦਾਦੀ ਜਾਂ ਨਾਨੀ ਦੇ ਕਮਰੇ ਵਿਚ ਚਲੇ ਵੀ ਜਾਂਦੇ ਹਨ ਤਾਂ ਉਸੇ ਵਕਤ ਉਨ੍ਹਾਂ ਨੂੰ ਹੋਮ-ਵਰਕ ਕਰਨ ਦੀ ਆਵਾਜ਼ ਪੈ ਜਾਂਦੀ ਹੈ। ਬਜ਼ੁਰਗਾਂ ਦੀ ਸੰਗਤ ਤੋਂ ਬਿਨਾਂ ਹੋਈ ਪਰਵਰਿਸ਼ ਬੱਚਿਆਂ ਨੂੰ ਫਿਰ ਕੀ ਸਿਖਾਵੇਗੀ ? ਸਾਂਝੇ ਪਰਵਾਰਾਂ ਵਿਚ ਬੱਚੇ ਆਪਣੇ ਆਪ ਹੀ ਬਹੁਤ ਕੁਝ ਸਿੱਖ ਜਾਂਦੇ ਸਨ ਅਤੇ ਬਚਪਨ ਵਿਚ ਸਿੱਖੀਆਂ ਗਲਤਾਂ ਅਤੇ ਪਈਆਂ ਆਦਤਾਂ ਉਮਰ ਭਰ ਉਨ੍ਹਾਂ ਦੇ ਨਾਲ ਨਿਭਦੀਆਂ ਸਨ।

ਬੱਚਿਆਂ ਦੇ ਕੁਰਾਹੇ ਪੈਣ ਦਾ ਇਕ ਕਾਰਨ ਪੜ੍ਹਾਈ ਵਿਚ ਆ ਰਹੀ ਤਬਦੀਲੀ ਵੀ ਹੈ। ਟਿਊਸ਼ਨ ਸੈਂਟਰਾਂ ਦਾ ਚਲਨ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ, ਕੁਝ ਘੰਟਿਆਂ ਦੀ ਕੋਚਿੰਗ ਨਾਲ ਬੱਚੇ ਆਪਣੇ ਸੁਪਨੇ ਪੂਰੇ ਕਰਨ ਦੇ ਸੁਪਨੇ ਵੇਖਣ ਲੱਗ ਪਏ ਹਨ। ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ ਅਤੇ ਟਿਊਸ਼ਨ ਸੈਂਟਰਾਂ ਦੀ ਵਧਦੀ ਜਾ ਰਹੀ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜ਼ਿਆਦਾਤਰ ਟਿਊਸ਼ਨ ਸੈਂਟਰ ਉਹ ਲੋਕ ਚਲਾ ਰਹੇ ਹਨ, ਜਿਨ੍ਹਾਂ ਨੂੰ ਸੌ ਕੋਸ਼ਿਸ਼ ਕਰਨ ਬਾਅਦ ਵੀ ਖ਼ੁਦ ਨੂੰ ਨੌਕਰੀ ਨਸੀਬ ਨਹੀਂ ਹੁੰਦੀ, ਫੇਰ ਉਹ ਸੈਂਟਰ ਸਕੂਲ-ਕਾਲਜਾਂ ਦੀ ਥਾਂ ਕਿਵੇਂ ਲੈ ਸਕਦੇ ਹਨ? ਉੱਥੋਂ ਵਰਗਾ ਅਨੁਸ਼ਾਸਨ, ਅਧਿਆਪਕਾਂ ਦੀ ਸੇਧ ਨਾਲ ਮਿਲੀ ਜੀਵਨ-ਜਾਚ, ਇਕ ਘੰਟਾ ਪੜ੍ਹਾਉਣ ਆਇਆ ਟਿਊਟਰ ਜਿਸ ਨੇ ਦੋ-ਚਾਰ ਸੈਂਟਰਾਂ ਵਿਚ ਹੋਰ ਜਾਣਾ ਹੁੰਦਾ ਹੈ, ਬੱਚਿਆਂ ਨੂੰ ਜ਼ਿੰਦਗੀ ਬਾਰੇ ਕੀ ਸਿਖਾ ਸਕਦਾ ਹੈ? ਟਿਊਸ਼ਨ ਸੈਂਟਰ ਤਾਂ ਕਿਸੇ ਖ਼ਾਸ ਸੰਸਥਾ ਵਿਚ ਦਾਖਲਾ ਦਿਵਾਉਣ ਦਾ ਕੰਮ ਕਰ ਸਕਦੇ ਹਨ।

ਬੱਚੇ ਦੋ ਘੰਟੇ ਪੜ੍ਹ ਕੇ ਬਾਕੀ ਸਾਰਾ ਦਿਨ ਹੀ ਵਿਹਲੇ ਹੁੰਦੇ ਹਨ। ਭਾਵੇਂ ਕਿ ਘਰਦਿਆਂ ਦੀ ਨਜ਼ਰ ਵਿਚ ਉਹ ਪੜ੍ਹਨ ਗਏ ਹੁੰਦੇ ਹਨ। ਖ਼ਾਲੀ ਬੱਚਿਆਂ ਦੇ ਫਿਰ ਕੀ ਰੁਝੇਵੇਂ ਹੋ ਸਕਦੇ ਹਨ? ਫੋਨ ਉੱਪਰ ਲੱਗੇ ਰਹਿਣਾ, ਨੈੱਟ, ਟੀ.ਵੀ. ਤੇ ਫਿਲਮਾਂ ਵਿਚ ਰੁੱਝੇ ਰਹਿਣਾ ਜਾਂ ਫਿਰ ਆਪਣੇ ਵਰਗੇ ਵਿਹਲਿਆਂ ਦੀ ਸੰਗਤ ਮਾਣਨੀ। ਬੱਚਿਆਂ ਦੀ ਇਸ ਤਰ੍ਹਾਂ ਵਕਤ ਦੀ ਬਰਬਾਦੀ ਬਾਰੇ ਸੋਚਣ ਦੀ ਬਹੁਤ ਜ਼ਰੂਰਤ ਹੈ। ਜਿੰਨਾ ਚਿਰ ਬੱਚਿਆਂ ਨੂੰ ਕੀ ਵੱਡਿਆਂ ਨੂੰ ਵੀ ਰੁਝਾਉਣ ਲਈ ਕੋਈ ਰੁਜ਼ਗਾਰ, ਕਾਰੋਬਾਰ ਨਹੀਂ ਮਿਲਦਾ, ਓਨਾ ਚਿਰ ਦੇਸ਼ ਵਿੱਚੋਂ ਅਰਾਜਕਤਾ, ਭ੍ਰਸ਼ਟਮਰੀ ਅਤੇ ਨਿੱਤ ਵਧ ਰਹੀਆਂ ਇਹ ਮਾੜੀਆਂ ਘਟਨਾਵਾਂ ਖ਼ਤਮ ਨਹੀਂ ਹੋ ਸਕਦੀਆਂ। 'ਵਰਕ ਕਲਚਰ' ਪੈਦਾ ਕਰਨਾ ਸਭ ਤੋਂ ਵੱਡੀ ਜ਼ਰੂਰਤ ਹੈ। ਜੇ ਦੇਸ਼ ਨੂੰ ਮਾੜੀਆਂ ਅਲਾਮਤਾਂ ਤੋਂ ਬਚਾਉਣਾ ਹੈ ਤਾਂ ਹੁਨਰ-ਮੰਦ ਰੁਝੇਵੇਂ ਲੱਭਣੇ ਪੈਣੇ ਹਨ।

ਸਕੂਲ-ਕਾਲਜ ਵਿਚ ਬੱਚੇ ਸਾਰਾ ਦਿਨ ਰੁਝੇਵਿਆਂ ਵਿਚ ਰੁੱਝੇ ਰਹਿੰਦੇ ਹਨ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਹੋਰ ਗਤੀਵਿਧੀਆਂ ਵਿਚ ਹਿੱਸਾ ਲੈਣਾ ਆਦਿ। ਸਕੂਲਾਂ-ਕਾਲਜਾਂ ਵਿੱਚੋਂ ਸਿਰਫ਼ ਵਿੱਦਿਆ ਹੀ ਨਹੀਂ ਮਿਲਦੀ, ਉੱਥੇ ਬੱਚੇ ਦੀ ਪੂਰੀ ਸ਼ਖ਼ਸੀਅਤ ਨੂੰ ਹੀ ਨਿਖਰਨ ਦਾ ਮੌਕਾ ਮਿਲਦਾ ਹੈ। ਇਨ੍ਹਾਂ ਨੇ ਦੇਸ਼ ਨੂੰ ਵਧੀਆ ਖਿਡਾਰੀ ਹੀ ਨਹੀਂ ਦਿੱਤੇ, ਸਗੋਂ ਜ਼ਿੰਦਗੀ ਦੇ ਹਰ ਖੇਤਰ ਵਿਚ ਸਫਲਤਾ ਪੈਦਾ ਕਰਨ ਵਾਲੇ ਬੱਚੇ ਵੀ ਪੈਦਾ ਕੀਤੇ ਹਨ। ਇਕ-ਦੋ ਘੰਟੇ ਦੀ ਪੜ੍ਹਾਈ ਬਾਅਦ ਬੱਚਾ ਸਾਰਾ ਦਿਨ ਕੀ ਕਰਦਾ ਹੈ, ਇਸ ਵਿਚ ਟਿਊਸ਼ਨ ਸੈਂਟਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੁੰਦੀ। ਸਾਡੇ ਕਿੰਨੇ ਫ਼ੀਸਦੀ ਬੱਚੇ ਹਨ ਜਿਨ੍ਹਾਂ ਨੂੰ ਆਪਣੇ ਨਿਸ਼ਾਨੇ ਦਾ ਗਿਆਨ ਹੁੰਦਾ ਹੈ ਅਤੇ ਉਹ ਪੜ੍ਹਨ ਨੂੰ ਤਰਜੀਹ ਦੇਂਦੇ ਹਨ? ਬੱਚੇ ਦੀ ਚੌਵੀ ਘੰਟੇ ਰਾਖੀ ਨਹੀਂ ਹੋ ਸਕਦੀ, ਬਸ ਉਨ੍ਹਾਂ ਨੂੰ ਵਧੀਆ ਸੰਸਕਾਰ ਦੇਣ ਦੀ ਜ਼ਰੂਰਤ ਹੁੰਦੀ ਹੈ। ਆਖਦੇ ਹਨ ਕਿ ਬੱਚਿਆਂ ਲਈ ਚੌਦਾਂ-ਪੰਦਰਾਂ ਤੋਂ ਵੀਹ-ਬਾਈ ਸਾਲ ਦਾ ਸਮਾਂ ਸਭ ਤੋਂ ਖ਼ਤਰਨਾਕ ਹੁੰਦਾ ਹੈ। ਬੱਚੇ ਇਸ ਉਮਰੇ ਸਭ ਤੋਂ ਵੱਧ ਲਾਈਲਗ ਹੁੰਦੇ ਹਨ, ਇਸ ਦਲੇਰ ਉਮਰ ਵਿਚ ਉਹ ਆਪਣੇ ਆਪ ਨੂੰ ਬਾਕੀਆਂ ਨਾਲੋਂ ਸਿਆਣਾ ਅਤੇ ਤਾਕਤਵਰ ਵੀ ਸਮਝਣ ਦਾ ਭਰਮ ਵੀ ਪਾਲ ਲੈਂਦੇ ਹਨ ਅਤੇ ਕੋਈ ਗ਼ਲਤ ਕਦਮ ਚੁੱਕਣ ਤੋਂ ਵੀ ਨਹੀਂ ਝਕਦੇ।

ਇਕ ਕਹਾਵਤ ਹੈ 'ਖ਼ਾਲੀ ਦਿਮਾਗ਼ ਸ਼ੈਤਾਨ ਦਾ ਘਰ'। ਇਸ ਉਮਰ ਵਿਚ ਬੱਚੇ ਨੂੰ ਲੋੜੀਂਦਾ ਰੁਝੇਵਾਂ ਨਾ ਦਿੱਤਾ ਜਾਵੇ ਤਾਂ ਉਸ ਦੇ ਭਟਕ ਜਾਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਦੁਨੀਆ ਵਿਚ ਜਿੰਨੀਆਂ ਵੀ ਮਾੜੀਆਂ ਘਟਨਾਵਾਂ, ਮਾੜੇ ਕੰਮ ਜਾਂ ਹੋਰ ਵੀ ਗ਼ਲਤ ਕੰਮ ਹੋ ਰਹੇ ਹਨ, ਉਹ ਜ਼ਿਆਦਾਤਰ ਵਿਹਲੇ ਦਿਮਾਗ਼ ਦੀ ਉਪਜ ਹੀ ਹੁੰਦੇ ਹਨ। ਰੁੱਝੇ ਹੋਏ ਬੰਦੇ ਕੋਲ ਤਾਂ ਰੋਟੀ ਖਾਣ ਦੀ ਵਿਹਲ ਨਹੀਂ ਹੁੰਦੀ, ਕੋਈ ਮਾੜਾ ਕੰਮ ਕਰਨਾ ਜਾਂ ਸੋਚਣਾ ਤਾਂ ਬਹੁਤ ਦੂਰ ਦੀ ਗੱਲ ਹੈ।

ਜੇ ਸਾਡੇ ਬੱਚੇ ਅੱਜ ਕਾਂਗਿਆਰੀ ਦਾ ਰੂਪ ਧਾਰਨ ਕਰ ਰਹੇ ਹਨ, ਤਾਂ ਇਸ ਵਿਚ ਸਿਰਫ਼ ਉਨ੍ਹਾਂ ਦਾ ਹੀ ਕਸੂਰ ਨਹੀਂ ਹੁੰਦਾ। ਕੁਝ ਪਰਵਾਰਿਕ ਜ਼ੀਨ ਅਤੇ ਮਾਂ-ਬਾਪ ਅਤੇ ਸਮਾਜ ਦੀ ਲਾਪਰਵਾਹੀ ਵੀ ਬੱਚਿਆਂ ਨੂੰ ਕੁਰਾਹੇ ਪਾਉਣ ਲਈ ਜ਼ਿੰਮੇਵਾਰ ਹੁੰਦੀ ਹੈ। ਬੇਰੁਜ਼ਗਾਰੀ ਦੇ ਇਸ ਭਿਆਨਕ ਯੁੱਗ ਵਿਚ ਜ਼ਿਆਦਾਤਰ ਬੱਚੇ ਮੌਜੂਦਾ ਸਿਸਟਮ ਤੋਂ ਨਿਰਾਸ਼ ਹੁੰਦੇ ਜਾ ਰਹੇ ਹਨ। ਆਪਣੇ ਇਨ੍ਹਾਂ ਹਾਲਾਤ ਲਈ ਉਹ ਸਰਕਾਰ ਤੇ ਸਮਾਜ ਦੇ ਨਾਲ-ਨਾਲ ਪਰਿਵਾਰ ਨੂੰ ਵੀ ਓਨਾ ਹੀ ਕਸੂਰਵਾਰ ਸਮਝਦੇ ਹਨ। ਮਾੜਾ ਜਿਹਾ ਧੱਕਾ ਹੋਣ 'ਤੇ ਉਹ ਬਾਗ਼ੀ ਤੇਵਰ ਅਖ਼ਤਿਆਰ ਕਰ ਲੈਂਦੇ ਹਨ। ਜਦੋਂ ਉਨ੍ਹਾਂ ਨੂੰ ਆਪਣਾ ਭਵਿੱਖ ਸੁਰੱਖਿਅਤ ਨਹੀਂ ਲੱਗਦਾ ਤਾਂ ਉਹ ਸਿਸਟਮ ਵਿਰੁੱਧ ਲਾਮਬੰਦ ਹੋ ਕੇ ਉਨ੍ਹਾਂ ਨੂੰ ਸਬਕ ਸਿਖਾਉਣਾ ਆਪਣਾ ਮਕਸਦ ਬਣਾ ਲੈਂਦੇ ਹਨ। ਜੇ ਸਭ ਕੋਲ ਉਨ੍ਹਾਂ ਦੀ ਹੈਸੀਅਤ ਮੁਤਾਬਕ ਰੁਜ਼ਗਾਰ ਹੋਵੇ ਤਾਂ ਸਭ ਖ਼ੁਦ-ਬ-ਖ਼ੁਦ ਵਧੀਆ ਨਾਗਰਿਕ ਬਣ ਕੇ ਦੇਸ਼ ਦੀ ਉਸਾਰੀ ਵਿਚ ਹਿੱਸਾ ਪਾਉਣ ਲੱਗ ਪੈਣਗੇ।

ਅੱਜ ਪਰਿਵਾਰ ਉਹ ਨਹੀਂ ਰਹਿ ਗਏ ਜੋ ਅੱਜ ਤੋਂ ਚਾਰ-ਪੰਜ ਦਹਾਕੇ ਪਹਿਲਾਂ ਹੁੰਦੇ ਸਨ। ਪੈਸੇ ਦੇ ਪਾਸਾਰ ਅਤੇ ਬੇਰੁਜ਼ਗਾਰੀ ਨੇ ਹਰ ਇਕ ਨੂੰ ਮਤਲਬੀ ਬਣਾ ਦਿੱਤਾ ਹੈ। ਮਾਂ-ਬਾਪ ਦੀ ਲਾਪਰਵਾਹੀ ਅਤੇ ਬੱਚਿਆਂ ਦੀ ਬੇਪਰਵਾਹੀ ਕਾਰਨ ਪਰਿਵਾਰਕ ਸਿਸਟਮ ਹੀ ਨੁਕਸਾਨਿਆ ਜਾ ਰਿਹਾ ਹੈ। ਹਰ ਇਕ ਕੋਲ ਕਿਸੇ ਵੀ ਸਵਾਲ ਦਾ ਜਵਾਬ ਉਸ ਤੋਂ ਵੀ ਕਰੜੇ ਲਫ਼ਜ਼ਾਂ ਵਿਚ ਹੁੰਦਾ ਹੈ। ਅੱਜ ਖੇਤੀਬਾੜੀ ਯੂਨੀਵਰਸਟੀ ਵੱਲੋਂ ਪ੍ਰਮਾਣਿਤ ਬੀਜਾਂ ਵਿਚ ਵੀ ਕਾਂਗਿਆਰੀ ਉੱਗ ਪੈਂਦੀ ਹੈ, ਫੇਰ ਸਧਾਰਨ ਪਰਿਵਾਰ ਦੇ ਬੱਚਿਆਂ ਦੀ ਗਰੰਟੀ ਕੌਣ ਲਵੇਗਾ? •

ਗੁਆਂਢੀਆਂ ਦੇ ਸਹਿਯੋਗ ਤੇ ਚੰਗੇ ਮੇਲ ਮਿਲਾਪ ਦੇ ਪਲੱਸਤਰ ਨਾਲ ਹੀ ਘਰ ਸੁਰੱਖਿਅਤ ਤੇ ਮਜ਼ਬੂਤ ਰੱਖਿਆ ਜਾ ਸਕਦਾ ਹੈ...

ਸੰਸਦ ਮੈਂਬਰਾਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਵਿੱਚ 24% ਵਾਧਾ

ਨਵੀਂ ਦਿੱਲੀ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰ ਸਰਕਾਰ ਨੇ ਸੋਮਵਾਰ ਨੂੰ ਲਾਗਤ ਮਹਿੰਗਾਈ ਸੂਚਕ ਦੇ ਆਧਾਰ 'ਤੇ 1 ਅਪਰੈਲ, 2023 ਤੋਂ ਸੰਸਦ ਮੈਂਬਰਾਂ ਦੀਆਂ ਤਨਖ਼ਾਹਾਂ ਵਿੱਚ 24 ਪ੍ਰਤੀਸ਼ਤ ਵਾਧਾ ਨੋਟੀਫਾਈ ਕੀਤਾ ਹੈ।

ਸੰਸਦੀ ਮਾਮਲਿਆਂ ਬਾਰੇ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਵਿੱਚ ਮੌਜੂਦਾ ਮੈਂਬਰਾਂ ਲਈ ਰੋਜ਼ਾਨਾ ਭੱਤੇ ਅਤੇ ਸਾਬਕਾ ਮੈਂਬਰਾਂ ਲਈ ਪੰਜ ਸਾਲਾਂ ਤੋਂ ਵੱਧ ਸੇਵਾ ਦੇ ਹਰ ਸਾਲ ਲਈ ਮਿਲਣ ਵਾਲੀ ਪੈਨਸ਼ਨ ਅਤੇ ਵਾਧੂ ਪੈਨਸ਼ਨ ਵਿੱਚ ਵੀ ਵਾਧਾ ਕੀਤਾ ਗਿਆ ਹੈ।

ਸੰਸਦ ਮੈਂਬਰ ਨੂੰ ਹੁਣ 1.24 ਲੱਖ ਰੁਪਏ ਪ੍ਰਤੀ ਮਹੀਨਾ ਤਨਖ਼ਾਹ ਮਿਲੇਗੀ ਜੋ ਪਹਿਲਾਂ 1 ਲੱਖ ਰੁਪਏ ਮਾਸਕ ਮਿਲਦੀ ਸੀ। ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਰੋਜ਼ਾਨਾ ਭੱਤਾ ਵੀ 2,000 ਰੁਪਏ ਤੋਂ ਵਧਾ ਕੇ 2,500 ਰੁਪਏ ਕਰ ਦਿੱਤਾ ਗਿਆ ਹੈ। ਸਾਬਕਾ ਸੰਸਦ ਮੈਂਬਰਾਂ ਲਈ ਪੈਨਸ਼ਨ 25,000 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 31,000 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ।

ਪੰਜ ਸਾਲਾਂ ਤੋਂ ਵੱਧ ਸਮੇਂ ਦੀ ਸੇਵਾ ਦੇ ਹਰ ਸਾਲ ਲਈ ਵਾਧੂ ਪੈਨਸ਼ਨ 2,000 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 2,500 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ।

ਤਨਖ਼ਾਹ ਵਿੱਚ ਵਾਧਾ 1961 ਦੇ ਆਮਦਨ ਟੈਕਸ ਐਕਟ ਵਿੱਚ ਦਰਸਾਏ ਗਏ ਲਾਗਤ ਮਹਿੰਗਾਈ ਸੂਚਕ ਅੰਕ ਦੇ ਆਧਾਰ 'ਤੇ ਸੰਸਦ ਮੈਂਬਰਾਂ ਦੀ ਤਨਖ਼ਾਹ, ਭੱਤੇ ਅਤੇ ਪੈਨਸ਼ਨ ਐਕਟ ਦੇ ਤਹਿਤ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੂਚਿਤ ਕੀਤਾ ਗਿਆ ਹੈ।

90 ਲੱਖ ਦੀ ਫਿਰੌਤੀ ਮੰਗਣ ਵਾਲਾ ਨਿਕਲਿਆ ਘਰ ਦਾ ਹੀ ਜੀਅ

ਸ੍ਰੀ ਮੁਕਤਸਰ ਸਾਹਿਬ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਇੰਸਟਾਗ੍ਰਾਮ ਪੋਸਟ ਰਾਹੀਂ 90 ਲੱਖ ਰੁਪਏ ਦੀ ਫਿਰੌਤੀ ਮੰਗਣ ਦੇ ਇਕ ਮਾਮਲੇ ਦੀ ਪੜਤਾਲ ਕਰਦਿਆਂ ਮੁਕਤਸਰ ਪੁਲੀਸ ਨੇ ਪੀੜਤ ਪਰਿਵਾਰ ਦੇ ਹੀ ਇੱਕ ਪਰਿਵਾਰਕ ਮੈਂਬਰ ਨੂੰ ਹੀ ਇਸ ਮਾਮਲੇ 'ਚ ਸ਼ਾਮਲ ਪਾਇਆ ਹੈ। ਇਹ ਜਾਣਕਾਰੀ ਜ਼ਿਲ੍ਹਾ ਪੁਲੀਸ ਮੁਖੀ ਡਾ. ਅਖਿਲ ਚੌਧਰੀ ਨੇ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਪੀੜਤ ਵਿਅਕਤੀ ਸੰਦੀਪ ਸਿੰਘ ਮਲੋਟ ਲਾਗਲੇ ਪਿੰਡ ਕਰਮਗੜ੍ਹ ਦਾ ਰਹਿਣ ਵਾਲਾ ਹੈ ਅਤੇ ਮੁਹਾਲੀ ਵਿਖੇ ਸਾਫਟਵੇਅਰ ਇੰਜੀਨੀਅਰ ਹੈ।

ਕੁਝ ਦਿਨਾਂ ਤੋਂ ਉਸ ਦੇ ਪਰਿਵਾਰਕ ਮੈਂਬਰਾਂ ਦੇ ਨਾਂ 'ਤੇ ਇੰਸਟਾਗ੍ਰਾਮ ਉਪਰ ਆਈਡੀ ਬਣਾ ਕੇ ਅਤੇ ਸਟੋਰੀਆਂ ਪਾ ਕੇ ਕੋਈ ਨਾਮਲੂਮ ਵਿਅਕਤੀ ਫਿਰੌਤੀ ਮੰਗ ਰਿਹਾ ਸੀ। ਫਿਰੌਤੀ ਵਜੋਂ 90 ਲੱਖ ਰੁਪਏ ਜਾਂ ਫਾਰਚੂਨਰ ਕਾਰ ਜਾਂ ਇੱਕ ਬਿੱਟ ਕੁਆਇਨ ਦੇਣ ਦੀ ਮੰਗ ਕੀਤੀ ਜਾ ਰਹੀ ਸੀ।

ਸੰਦੀਪ ਸਿੰਘ ਨੇ ਇਹ ਸਾਰਾ ਮਾਮਲਾ ਪੁਲੀਸ ਦੇ ਧਿਆਨ ਵਿੱਚ ਲਿਆਂਦਾ ਤਾਂ ਪੁਲੀਸ ਨੇ ਇਸ ਸਬੰਧ ਵਿੱਚ 19 ਮਾਰਚ ਨੂੰ ਥਾਣਾ ਕਬਰਵਾਲਾ ਵਿਖੇ ਅਣਪਛਾਤੇ ਵਿਅਕਤੀ ਦੇ ਖਿਲਾਫ ਕੇਸ ਦਰਜ ਕਰਕੇ ਪੜਤਾਲ ਸ਼ੁਰੂ ਕਰ ਦਿੱਤੀ। ਪੁਲੀਸ ਨੇ ਇਸ ਮਾਮਲੇ ਦੀ ਪੜਤਾਲ ਲਈ ਕਈ ਟੀਮਾਂ ਗਠਿਤ ਕੀਤੀਆਂ ਜਿਨ੍ਹਾਂ ਨੇ ਤਕਨੀਕੀ ਅਤੇ ਮਨੁੱਖੀ ਸੂਝਬੂਝ ਦੀ ਵਰਤੋਂ ਕਰਦਿਆਂ ਪਤਾ ਲਾਇਆ ਕਿ ਇਹ ਕਾਰਾ ਪਰਿਵਾਰ ਦੇ ਇੱਕ ਮੈਂਬਰ ਦਾ ਹੀ ਹੈ।

ਉਨ੍ਹਾਂ ਦੱਸਿਆ ਕਿ ਪੁਲੀਸ ਜਲਦੀ ਹੀ ਇਸ ਸਬੰਧੀ ਅਗਲੀ ਕਾਰਵਾਈ ਕਰਦਿਆਂ ਮਾਮਲਾ ਅਦਾਲਤ ਦੇ ਹਵਾਲੇ ਕਰੇਗੀ।

ਜ਼ਿਲ੍ਹਾ ਪੁਲੀਸ ਮੁਖੀ ਨੇ ਡਿਜੀਟਲ ਜਾਗਰੂਕਤਾ ਸਬੰਧੀ ਸਲਾਹ ਦਿੰਦਿਆਂ ਦੱਸਿਆ ਕਿ ਬੱਚਿਆਂ ਨੂੰ ਆਪਣੀ ਨਿਗਰਾਨੀ ਹੇਠ ਸੋਸ਼ਲ ਮੀਡੀਆ ਦੀ ਵਰਤੋਂ ਕਰਨੀ ਸਿਖਾਈ ਜਾਵੇ ਤੇ ਜੇ ਕੋਈ ਜੀਅ ਨਰਾਜ਼ ਜਾਂ ਪ੍ਰੇਸ਼ਾਨ ਹੈ, ਤਾਂ ਉਸ ਦੀ ਭਾਵਨਾ ਨੂੰ ਸਮਝਦਿਆਂ ਉਸ ਨਾਲ ਖੁੱਲ੍ਹੀ ਬਾਤ ਕਰ ਮਸਲਾ ਹੱਲ ਕੀਤਾ ਜਾਵੇ ਤਾਂ ਜੋ ਨਰਾਜ਼ ਜੀਅ ਗਲਤ ਰਾਹ 'ਤੇ ਨਾ ਪੈ ਜਾਵੇ।

ਪੰਜਾਬ ਸਰਕਾਰ ਵੱਲੋਂ 16 ਗੋਦ ਲੈਣ ਵਾਲੀਆਂ ਏਜੰਸੀਆਂ ਨੂੰ ਪ੍ਰਵਾਨਗੀ, ਗੋਦ ਲੈਣ ਦੀ ਪ੍ਰਕਿਰਿਆ ਹੋਵੇਗੀ ਹੋਰ ਸੁਚਾਰੂ: ਡਾ. ਬਲਜੀਤ ਕੌਰ

ਚੰਡੀਗੜ੍ਹ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਨੇ ਅਨਾਥ ਅਤੇ ਬੇਸਹਾਰਾ ਬੱਚਿਆਂ ਦੀ ਕਾਨੂੰਨੀ ਗੋਦ ਲੈਣ ਦੀ ਪ੍ਰਕਿਰਿਆ ਨੂੰ ਹੋਰ ਸੁਚਾਰੂ, ਪਾਰਦਰਸ਼ੀ ਅਤੇ ਕੁਸ਼ਲ ਬਣਾਉਣ ਵੱਲ ਇੱਕ ਹੋਰ ਵੱਡਾ ਕਦਮ ਚੁੱਕਿਆ ਹੈ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ 16 ਗੋਦ ਲੈਣ ਵਾਲੀਆਂ ਏਜੰਸੀਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜੋ ਸੰਭਾਵੀ ਮਾਪਿਆਂ ਲਈ ਗੋਦ ਲੈਣ ਦੀ ਪ੍ਰਕਿਰਿਆ ਨੂੰ ਆਸਾਨ ਅਤੇ ਤੇਜ਼ ਕਰਨਗੀਆਂ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਨਾਥ ਬੱਚਿਆਂ ਦੀ ਭਲਾਈ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਯਕੀਨੀ ਬਣਾਉਣ ਲਈ ਸਰਕਾਰ ਨੇ 176 ਨਵੀਆਂ ਅਸਾਮੀਆਂ ਦੀ ਰਚਨਾ ਕੀਤੀ ਹੈ।

ਇਹ ਕਰਮਚਾਰੀ ਗੋਦ ਲੈਣ ਦੀ ਪ੍ਰਕਿਰਿਆ ਨੂੰ ਮੁਸ਼ਕਿਲ ਰਹਿਤ, ਤੇਜ਼ ਅਤੇ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਹਰ ਅਨਾਥ ਬੱਚੇ ਨੂੰ ਇੱਕ ਪਿਆਰ ਭਰਿਆ ਅਤੇ ਸੁਰੱਖਿਅਤ ਘਰ ਮਿਲੇ। ਉਨ੍ਹਾਂ ਕਿਹਾ ਕਿ ਇਹ ਵੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਗੋਦ ਲੈਣ ਦੀ ਪ੍ਰਕਿਰਿਆ ਨੈਤਿਕ ਮਾਪਦੰਡਾਂ ਅਨੁਸਾਰ ਹੋਵੇ ਅਤੇ ਹਰ ਬੱਚੇ ਨੂੰ ਉਹ ਸਭ ਸੁਵਿਧਾਵਾਂ ਮਿਲਣ ਜਿਸਦਾ ਉਹ ਹਕਦਾਰ ਹੈ।ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਹੈ ਕਿ ਸੂਬੇ ਦੀ ਮੌਜੂਦਾ ਸਰਕਾਰ ਅਨਾਥ ਅਤੇ ਬੇਸਹਾਰਾ ਬੱਚਿਆਂ ਨੂੰ ਸੁਰੱਖਿਅਤ ਅਤੇ ਚੰਗੇ ਪਾਲਣ ਪੋਸ਼ਣ ਵਾਲਾ ਪਰਿਵਾਰ ਮੁਹਈਆ ਕਰਵਾਕੇ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਇਹ ਬੱਚੇ ਚੰਗੀ ਸਿੱਖਿਆ ਹਾਸਲ ਕਰਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਹੋਵੇ।

ਉਨ੍ਹਾਂ ਅੱਗੇ ਕਿਹਾ ਕਿ ਇਹ ਉਪਰਾਲਾ ਪੰਜਾਬ ਨੂੰ ÷ਰੰਗਲਾ ਪੰਜਾਬ÷ ਬਣਾਉਣ ਦੀ ਦਿਸ਼ਾ ਵਿੱਚ ਅਹਿਮ ਕਦਮ ਹੈ। ਰਾਜ ਸਰਕਾਰ ਹਮੇਸ਼ਾ ਇਹ ਯਕੀਨੀ ਬਣਾਉਣ ਲਈ ਕੰਮ ਕਰੇਗੀ ਕਿ ਹਰ ਬੱਚੇ ਨੂੰ ਇੱਕ ਆਦਰਸ਼ ਅਤੇ ਪਿਆਰ ਭਰਿਆ ਜੀਵਨ ਮਿਲੇ।ਨੂਰਪੁਰ ਬੇਦੀ ਦੇ ਪਹਾੜੀ ਖੇਤਰ ਨੂੰ ਸਿੰਜਾਈਯੋਗ ਪਾਣੀ ਦੇਣ ਸਬੰਧੀ ਦੋ ਕੰਪਨੀਆਂ ਦੀ ਪ੍ਰਾਜੈਕਟ ਰਿਪੋਰਟ ਨਿਗਰਾਨ ਇੰਜੀਨੀਅਰਾਂ ਦੀ ਕਮੇਟੀ ਦੇ ਵਿਚਾਰ ਅਧੀਨ: ਬਰਿੰਦਰ ਕੁਮਾਰ ਗੋਇਲ ਕਿਹਾ, ਤਕਨੀਕੀ ਸੰਭਾਵਨਾ ਅਤੇ ਫ਼ੰਡਾਂ ਦੀ ਉਪਲਬਧਤਾ ਅਨੁਸਾਰ ਲੋੜੀਂਦੀ ਕਾਰਵਾਈ ਕਰਕੇ ਪ੍ਰਾਜੈਕਟ ਰਿਪੋਰਟ ਕੇਂਦਰੀ ਜਲ ਕਮਿਸ਼ਨ ਦੀ ਪ੍ਰਵਾਨਗੀ ਲਈ ਭੇਜੀ ਜਾਵੇਗੀ

ਜਥੇਦਾਰਾਂ ਦੀ ਨਿਯੁਕਤੀ, ਸੇਵਾ ਮੁਕਤੀ ਅਤੇ ਕਾਰਜ ਖੇਤਰ ਬਾਰੇ ਨਿਯਮ ਬਣਾਵੇਗੀ ਸ਼੍ਰੋਮਣੀ ਕਮੇਟੀ: ਧਾਮੀ

ਅੰਮ੍ਰਿਤਸਰ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਥੇਦਾਰਾਂ ਦੀ ਨਿਯੁਕਤੀ, ਸੇਵਾ ਮੁਕਤੀ ਅਤੇ ਕਾਰਜ ਖੇਤਰ ਬਾਰੇ ਨਿਯਮ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਦੀ ਜਾਣਕਾਰੀ ਸਿੱਖ ਸੰਸਥਾ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਤੀ ਹੈ।ਮੌਜੂਦਾ ਸਮੇਂ ਬਣੇ ਹਾਲਾਤ ਦੇ ਮਦੇਨਜ਼ਰ ਉਨ੍ਹਾਂ ਅਹਿਮ ਐਲਾਨ ਕਰਦਿਆਂ ਕਿਹਾ ਹੈ ਕਿ ਸਿੱਖ ਪੰਥ ਅੰਦਰ ਸਿੰਘ ਸਾਹਿਬਾਨ ਤੇ ਹਰ ਜਥੇਬੰਦੀ ਦਾ ਸਤਿਕਾਰ ਕਾਇਮ ਰੱਖਿਆ ਜਾਵੇਗਾ ਅਤੇ ਜਥੇਦਾਰਾਂ ਦੀਆਂ ਪਦਵੀਆਂ ਸਬੰਧੀ ਭਵਿੱਖ ਵਿੱਚ ਸਿੱਖ ਸੰਪਰਦਾਵਾਂ ਦੇ ਰਾਏ ਮਸ਼ਵਰੇ ਨੂੰ ਅਣਡਿੱਠ ਨਹੀਂ ਕੀਤਾ ਜਾਵੇਗਾ।ਐਡਵੋਕੇਟ ਧਾਮੀ ਅੱਜ ਇਥੇ ਸ਼੍ਰੋਮਣੀ ਕਮੇਟੀ ਦਫਤਰ ਪੁੱਜੇ ਸਨ। ਆਪਣਾ ਅਸਤੀਫਾ ਅਪ੍ਰਵਾਨ ਹੋਣ ਮਗਰੋਂ ਉਹ ਅੱਜ ਪਹਿਲੀ ਵਾਰ ਦਫਤਰ ਆਏ ਹਨ। ਇਥੇ ਮੀਡੀਆ ਨਾਲ ਗੱਲ ਕਰਦਿਆਂ ਸ੍ਰੀ ਧਾਮੀ ਨੇ ਆਖਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਅਤੇ ਸੇਵਾ ਮੁਕਤੀ ਸਬੰਧੀ ਜਲਦ ਹੀ ਨਿਯਮ ਤੈਅ ਕੀਤੇ ਜਾਣਗੇ ਅਤੇ ਇਸ ਕਾਰਜ ਵਾਸਤੇ ਉੱਚ ਪੱਧਰੀ ਕਮੇਟੀ ਕਾਇਮ ਹੋਵੇਗੀ।ਇਸ ਸਬੰਧੀ ਆਉਂਦੇ ਬਜਟ ਇਜਲਾਸ ਵਿਚ ਮਤਾ ਲਿਆ ਕੇ ਪ੍ਰਵਾਨਗੀ ਲਈ ਜਾਵੇਗੀ। ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਜਥੇਦਾਰਾਂ ਦੀਆਂ ਇਨ੍ਹਾਂ ਸਤਿਕਾਰਤ ਪਦਵੀਆਂ 'ਤੇ ਇੱਕ ਵਿਅਕਤੀ ਇੱਕ ਅਹੁਦਾ ਦੀ ਨੀਤੀ ਲਾਗੂ ਕੀਤੀ ਜਾਵੇ। ਇਸੇ ਤਹਿਤ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਖਾਲੀ ਪਏ ਅਹੁਦੇ ਵਾਸਤੇ ਪੰਥਕ ਸੰਪਰਦਾਵਾਂ ਤੇ ਜਥੇਬੰਦੀਆਂ ਦੀ ਸਲਾਹ ਨਾਲ ਜਲਦ ਹੀ ਨਿਯੁਕਤੀ ਕਰ ਦਿੱਤੀ ਜਾਵੇਗੀ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਰਹੁਰੀਤਾਂ, ਪਰੰਪਰਾਵਾਂ ਅਤੇ ਇਤਿਹਾਸ ਸਾਡਾ ਮਾਰਗ ਦਰਸ਼ਨ ਹਨ। ਇਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਵੇਗਾ ਅਤੇ ਸਮੂਹਿਕ ਤੇ ਸੰਗਠਿਤ ਪ੍ਰਭਾਵ ਨਾਲ ਅੱਗੇ ਵਧਿਆ ਜਾਵੇਗਾ, ਤਾਂ ਜੋ ਕੌਮ ਨੂੰ ਸਮੇਂ-ਸਮੇਂ ਪੇਸ਼ ਆਉਂਦੀਆਂ ਚੁਣੌਤੀਆਂ ਨਾਲ ਜਥੇਬੰਦਕ ਭਾਵਨਾ ਤਹਿਤ ਨਜਿੱਠਿਆ ਜਾ ਸਕੇ। ਐਡਵੋਕੇਟ ਧਾਮੀ ਨੇ ਕਿਹਾ ਕਿ ਪਹਿਲਾਂ ਹੀ ਕੌਮ ਦੀਆਂ ਦੁਸ਼ਮਣ ਤਾਕਤਾਂ ਸਿੱਖ ਸੰਸਥਾਵਾਂ ਅਤੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਪੂਰਾ ਜ਼ੋਰ ਲਗਾ ਰਹੀਆਂ ਹਨ।

ਪੁਲਿਸ ਵੱਲੋਂ ਨਸ਼ਿਆਂ ਖਿਲਾਫ ਕੀਤੀ ਭਰਵੀਂ ਲੋਕ ਸੰਪਰਕ ਮੀਟਿੰਗ

ਬਰਨਾਲਾ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ 'ਚ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਮੁਹਿੰਮ - ਯੁੱਧ ਨਸ਼ਿਆਂ ਵਿਰੁੱਧ ਤਹਿਤ ਅੱਜ ਬਰਨਾਲਾ ਪੁਲਿਸ ਵੱਲੋਂ ਭਰਵੀਂ ਲੋਕ ਸੰਪਰਕ ਮੀਟਿੰਗ ਕਰਵਾਈ ਗਈ।

ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਡੀ ਆਈ ਜੀ ਸ਼੍ਰੀ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਸਮਾਜ ਦਾ ਹਰ ਇਕ ਵਰਗ ਪੰਜਾਬ ਸਰਕਾਰ ਦੀ ਇਸ ਲੜਾਈ ਵਿਚ ਆਪਣਾ ਅਹਿਮ ਯੋਗਦਾਨ ਪਾਵੇ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਇਸ ਭੈੜੀ ਆਦਤ ਤੋਂ ਦੂਰ ਰੱਖਿਆ ਜਾ ਸਕੇ।

ਉਨ੍ਹਾਂ ਰੰਗ ਮੰਚ ਤੋਂ ਆਏ ਕਲਾਕਾਰ ਸ਼੍ਰੀਮਤੀ ਰੁਪਿੰਦਰ ਰੂਪੀ ਅਤੇ ਸ਼੍ਰੀ ਸਰਦਾਰ ਸੋਹੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੇ ਕਰ ਇਸ ਤਰ੍ਹਾਂ ਕਲਾਕਾਰ ਲੋਕ ਲਹਿਰ ਦਾ ਹਿੱਸਾ ਬਣਨ ਤਾਂ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਹਰ ਇਕ ਵਰਗ ਆਪਣੇ ਤੌਰ 'ਤੇ ਨਸ਼ਿਆਂ ਖਿਲਾਫ ਜੰਗ 'ਚ ਅਹਿਮ ਯੋਗਦਾਨ ਪਾਵੇ। ਅਧਿਆਪਕ ਵਰਗ ਆਪਣੇ ਵਿਦਿਆਰਥੀਆਂ ਨੂੰ ਇਸ ਸਬੰਧੀ ਸੁਚੇਤ ਕਰਨ, ਸਿਹਤ ਕਰਮਚਾਰੀ ਨਸ਼ਿਆਂ ਤੋਂ ਪੀੜਤ ਲੋਕਾਂ ਦਾ ਇਲਾਜ ਕਰਨ ਅਤੇ ਪੁਲਿਸ ਵਿਭਾਗ ਮੁਸਤੈਦੀ ਨਾਲ ਨਸ਼ਾ ਤਸਕਰਾਂ ਖਿਲਾਫ ਕੰਮ ਕਰੇ ਜਿਸ ਨਾਲ ਜਿੱਤ ਦੂਰ ਨਹੀਂ।ਇਸ ਮੌਕੇ ਉਨ੍ਹਾਂ ਨਾਲ ਐਸ ਐਸ ਪੀ ਮੁਹੰਮਦ ਸਰਫਰਾਜ਼ ਆਲਮ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਅਨੁਪ੍ਰਿਤਾ ਜੋਹਲ, ਉਪ ਮੰਡਲ ਮੈਜਿਸਟ੍ਰੇਟ ਬਰਨਾਲਾ ਸ਼੍ਰੀ ਗੁਰਬੀਰ ਸਿੰਘ ਕੋਹਲੀ ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀਆਂ ਤੋਂ ਇਲਾਵਾ ਚੇਅਰਮੈਨ ਨਗਰ ਸੁਧਾਰ ਟ੍ਰਸ੍ਟ ਸ਼੍ਰੀ ਰਾਮ ਤੀਰਥ ਮੰਨਾ, ਸ਼੍ਰੀ ਹਰਿੰਦਰ ਧਾਲੀਵਾਲ, ਮਾਰਕੀਟ ਕਮੇਟੀ ਬਰਨਾਲਾ ਦਾ ਚੇਅਰਮੈਨ ਸ਼੍ਰੀ ਪਰਮਿੰਦਰ ਸਿੰਘ ਭੰਗੂ, ਵੱਖ ਪਿੰਡਾਂ ਦੇ ਸਰਪੰਚ ਅਤੇ ਪੰਚ ਜਿਨ੍ਹਾਂ ਵੱਲੋਂ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਕਾਰਨ ਲਈ ਅਹਿਦ ਲਿਆ ਗਿਆ ਹੈ.

ਮੈਡੀਕਲ ਸਟੋਰਾਂ ਦੇ ਮਾਲਕ ਅਤੇ ਹੋਰ ਮੋਹਤਵਰ ਲੋਕ ਹਾਜ਼ਰ ਸਨਇਸ ਮੌਕੇ ਨਾਟਕ ਮਿੱਟੀ ਰੁਦਨ ਕਰੇ ਅਤੇ ਇਕ ਹੋਰ ਨਸ਼ਿਆਂ ਸਬੰਧੀ ਨਾਟਕ ਦਾ ਮੰਚਨ ਕੀਤਾ ਗਿਆ। ਨਾਟਕ 'ਚ ਲੋਕਾਂ ਨੂੰ ਨਸ਼ਿਆਂ ਦੋ ਦੂਰ ਰਹਿਣ ਅਤੇ ਨਸ਼ਿਆਂ ਕਰਨ ਹੋਣ ਵਾਲੇ ਸਰਵਨਾਸ਼ ਬਾਰੇ ਦੱਸਿਆ ਗਿਆ।

ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ ਸਬੰਧੀ ਸੁਪਰੀਮ ਕੋਰਟ ਵੱਲੋਂ ਟਾਸਕ ਫੋਰਸ ਕਾਇਮ

ਨਵੀਂ ਦਿੱਲੀ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਉੱਚ ਸਿੱਖਿਆ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ ਦੇ ਵਾਰ-ਵਾਰ ਸਾਹਮਣੇ ਆ ਰਹੇ ਮਾਮਲਿਆਂ ਦਾ ਨੋਟਿਸ ਲਿਆ ਅਤੇ ਵਿਦਿਆਰਥੀਆਂ ਦੀਆਂ ਮਾਨਸਿਕ ਸਿਹਤ ਚਿੰਤਾਵਾਂ ਨੂੰ ਹੱਲ ਕਰਨ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਇੱਕ ਕੌਮੀ ਟਾਸਕ ਫੋਰਸ (©"6) ਦਾ ਗਠਨ ਕੀਤਾ ਹੈ।ਇਸ ਦੇ ਨਾਲ ਹੀ ਜਸਟਿਸ ਜੇਬੀ ਪਾਰਦੀਵਾਲਾ ਅਤੇ ਆਰ ਮਹਾਦੇਵਨ (Justices J B Pardiwala and R Mahadevan) 'ਤੇ ਆਧਾਰਤ ਬੈਂਚ ਨੇ ਦਿੱਲੀ ਪੁਲੀਸ ਨੂੰ 2023 ਵਿੱਚ ਇੰਡੀਅਨ ਇੰਸ

ਹਰਿਆਣਾ ਬਣਿਆ ਦੇਸ਼ ਦਾ ਪਹਿਲਾ ਸੂਬਾ ਜਿੱਥੇ ਘੱਟੋ ਘੱਟ ਸਹਾਇਕ ਮੁੱਲ 'ਤੇ ਖਰੀਦੀ ਜਾ ਰਹੀ ਹੈ ਵੱਧ ਤੋਂ ਵੱਧ ਫਸਲਾਂ : ਖੇਤੀਬਾੜੀ ਮੰਤਰੀ ਸ਼ਿਆਮ ਸਿੰਘ ਰਾਣਾ

ਚੰਡੀਗੜ੍ਹ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਹੈ, ਜਿੱਥੇ ਸੱਭ ਤੋਂ ਵੱਧ ਫਸਲਾਂ ਦੀ ਖਰੀਦ ਘੱਟੋ ਘੱਟ ਸਹਾਇਕ ਮੁੱਲ (ਐਮਐਸਪੀ) 'ਤੇ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਇਹ ਗੱਲ ਯਮੁਨਾਨਗਰ ਜਿਲ੍ਹੇ ਦੇ ਰਾਦੌਰ ਅਨਾਜ ਮੰਡੀ ਵਿਚ ਸਰੋਂ ਖਰੀਦ ਦੀ ਸ਼ੁਰੂਆਤ ਮੌਕੇ 'ਤੇ ਕਹੀ। ਇਸ ਸਾਲ ਸਰੋਂ ਦੀ ਖਰੀਦ ਘੱਟੋ ਘੱਟ ਸਹਾਇਕ ਮੁੱਲ 5950 ਰੁਪਏ ਪ੍ਰਤੀ ਕੁਇੰਟਲ 'ਤੇ ਕੀਤੀ ਜਾ ਰਹੀ ਹੈ। ਖੇਤੀਬਾੜੀ ਮੰਤਰੀ ਨੇ ਅਨਾਜ ਮੰਡੀ ਵਿਚ ਆੜਤੀਆਂ ਨਾਲ ਗਲਬਾਤ ਕਰ ਸਰੋਂ ਉਠਾਨ, ਪੈਕੇਜਿੰਗ ਦੀ ਉਪਲਬਧਤਾ ਅਤੇ ਹੋਰ ਸਮਸਿਆਵਾਂ ਦਾ ਜਾਇਜਾ ਲਿਆ। ਉਨ੍ਹਾਂ ਨੇ ਆੜਤੀਆਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੂੰ ਕਿਸੇ ਤਰ੍ਹਾ ਦੀ ਪਰੇਸ਼ਾਨੀ ਹੋਵੇ ਤਾਂ ਤੁਰੰਤ ਸਰਕਾਰ ਨੂੰ ਜਾਣੂ ਕਰਵਾਉਣ ਤਾਂ ਜੋ ਸਮੇਂ 'ਤੇ ਹੱਲ ਕੀਤਾ ਜਾ ਸਕੇ।

ਕੈਬੀਨੇਟ ਮੰਤਰੀ ਰਾਣਾ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਕਿਸਾਨਾਂ ਨੂੰ ਫਸਲ ਵੇਚਣ ਵਿਚ ਕਿਸੇ ਤਰ੍ਹਾ ਦੀ ਮੁਸ਼ਕਲ ਨਾ ਹੋਵੇ ਅਤੇ ਖਰੀਦ ਕੰਮ ਨੂੰ ਜਲਦੀ ਪੂਰਾ ਕੀਤਾ ਜਾਵੇ। ਉਨ੍ਹਾਂ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਆਪਣੇ ਕੰਮਾਂ ਵਿਚ ਲਾਪ੍ਰਵਾਹੀ ਵਰਤਦਾ ਹੈ ਤਾਂ ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਨੇ ਇਹ ਵੀ ਯਕੀਨੀ ਕਰਨ ਨੂੰ ਕਿਹਾ ਕਿ ਮੰਡੀਆਂ ਵਿਚ ਕਿਸਾਨਾਂ, ਵਪਾਰੀਆਂ ਅਤੇ ਮਜਦੂਰਾਂ ਲਈ ਸਹੀ ਸਹੂਲਤਾਂ ਉਪਲਬਧ ਕਰਾਈ ਜਾਵੇ। ਉਨ੍ਹਾਂ ਨੇ ਦਸਿਆ ਕਿ ਉਨ੍ਹਾਂ ਨੇ ਖੁਦ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਅਪੀਲ ਕੀਤੀ ਸੀ ਕਿ ਸਰੋਂ ਖਰੀਦ ਨੂੰ ਜਲਦੀ ਤੋਂ ਜਲਦੀ ਸ਼ੁਰੂ ਕੀਤਾ ਜਾਵੇ। ਇਸ ਅਪੀਲ 'ਤੇ ਮੁੱਖ ਮੰਤਰੀ ਨੇ ਤੁਰੰਤ ਸੰਗਿਆਨ ਲੈਂਦੇ ਹੋਏ 15 ਮਾਰਚ ਤੋਂ ਖਰੀਦ ਸ਼ੁਰੂ ਕਰਨ ਦੀ ਮੰਜੂਰੀ ਦਿੱਤੀ।ਪ੍ਰੋਗਰਾਮ ਦੇ ਬਾਅਦ ਖੇਤੀਬਾੜੀ ਮੰਤਰੀ ਨੇ ਲਾਡਵਾ ਅਤੇ ਇੰਦਰੀ ਅਨਾਜ ਮੰਡੀਆਂ ਦਾ ਵੀ ਦੌਰਾ ਕੀਤਾ ਅਤੇ ਖਰੀਦ ਕੰਮਾਂ ਦਾ ਨਿਰੀਖਣ ਕੀਤਾ।

ਪ੍ਰੋਗਰਾਮ ਦੇ ਬਾਅਦ ਮੀਡੀਆ ਨਾਲ ਗਲਬਾਤ ਕਰਦੇ ਹੋਏ ਰਾਣਾ ਨੇ ਕਿਹਾ ਕਿ ਭਾਜਪਾ ਸਰਕਾਰ ਕਿਸਾਨਾਂ ਦੀ ਸਮਸਿਆਵਾਂ ਦੇ ਹੱਲ ਅਤੇ ਉਨ੍ਹਾਂ ਦੀ ਆਮਦਨੀ ਦੁਗਣੀ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਮਾਰਗਦਰਸ਼ਨ ਵਿਚ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰ ਰਹੀ ਹੈ। ਸਰਕਾਰ ਵੱਲੋਂ ਘੱਟੋ ਘੱਟ ਸਹਾਇਕ ਮੁੱਲ (ਐਮਐਸਪੀ) ਦੀ ਸਮੇਂ 'ਤੇ ਐਲਾਨ ਕਰਨਾ ਇਸ ਗੱਲ ਦਾ ਪ੍ਰਮਾਣ ਹੈ ਕਿ ਸਰਕਾਰ ਕਿਸਾਨਾਂ ਨੂੰ ਪ੍ਰਾਥਮਿਕਤਾ ਦੇ ਰਹੀ ਹੈ।

ਖੇਤੀਬਾੜੀ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਜਲ੍ਹ ਸਰੰਖਣ ਕਰਨ, ਫਸਲ ਵਿਵਿਧੀਕਰਣ ਅਪਨਾਉਣ, ਵਾਤਾਵਰਣ ਦੀ ਰੱਖਿਆ ਕਰਨ ਅਤੇ ਪਰਾਲੀ ਜਲਾਉਣ ਤੋਂ ਬਚਣ। ਉਨ੍ਹਾਂ ਨੇ ਕਿਸਾਨਾਂ ਨੂੰ ਜਲ੍ਹ-ਗਹਿਨ ਫਸਲਾਂ ਦੀ ਥਾਂ ਮੋਟੇ ਅਨਾਜ ਅਪਨਾਉਣ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਸਰਕਾਰ ਇਸ ਸਬੰਧ ਵਿਚ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ।

ਖੇਤੀਬਾੜੀ ਮੰਤਰੀ ਨੇ ਐਲਾਨ ਕੀਤਾ ਕਿ ਹਰਿਆਣਾ ਸਰਕਾਰ ਨੇ ਸਾਲ 2025-26 ਦੇ ਬਜਟ ਵਿਚ ਉਨ੍ਹਾਂ ਕਿਸਾਨਾਂ ਨੂੰ 8,000 ਰੁਪਏ ਪ੍ਰਤੀ ਏਕੜ ਦੀ ਗ੍ਰਾਂਟ ਰਕਮ ਦੇਣ ਦਾ ਪ੍ਰਾਵਧਾਨ ਕੀਤਾ ਹੈ, ਜੋ ਝੋਨੇ ਦੀ ਖੇਤੀ ਛੱਡ ਕੇ ਦੂਜੀ ਫਸਲਾਂ ਉਗਾਉਣਗੇ। ਇਸ ਤੋਂ ਇਲਾਵਾ, ਝੋਨੇ ਦੀ ਸਿੱਧੀ ਬਿਜਾਈ (ਡੀਐਸਆਰ) ਲਈ ਦਿੱਤੀ ਜਾਣੀ ਵਾਲੀ ਸਬਸਿਡੀ ਨੂੰ ਵੀ 4,000 ਰੁਪਏ ਤੋਂ ਵਧਾ ਕੇ 4,500 ਰੁਪਏ ਪ੍ਰਤੀ ਏਕੜ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਖੁਦ ਕਿਸਾਨ ਹੋਣ ਦੇ ਨਾਤੇ ਉਹ ਕਿਸਾਨਾਂ ਨੂੰ ਸਰੋਂ, ਮੂੰਗ ਅਤੇ ਉੜਦ ਦੀ ਖੇਤੀ ਕਰਨ ਦੀ ਸਲਾਹ ਦਿੰਦੇ ਹਨ, ਕਿਉਂਕਿ ਇੰਨ੍ਹਾਂ ਫਸਲਾਂ ਤੋਂ ਮਿੱਟੀ ਦੀ ਉਪਜਾਊ ਸ਼ਕਤੀ ਵੱਧਦੀ ਹੈ ਅਤੇ ਨਾਈਟ੍ਰੋਜਨ ਪੱਧਰ ਵਿਚ ਸੁਧਾਰ ਹੁੰਦਾ ਹੈ।

ਕੈਬੀਨੇਟ ਮੰਤਰੀ ਰਾਣਾ ਨੇ ਕਿਹਾ ਕਿ ਕੁਦਰਤੀ ਖੇਤੀ ਨੂੰ ਪ੍ਰੋਤਸਾਹਨ ਦੇਣਾ ਹਰ ਨਾਗਰਿਕ ਲਈ ਜਰੂਰੀ ਹੈ। ਉਨ੍ਹਾਂ ਨੇ ਦਸਿਆ ਕਿ ਹਰਿਆਣਾ ਸਰਕਾਰ ਨੇ 2025-26 ਦੇ ਬਜਟ ਵਿਚ ਕੁਦਰਤੀ ਖੇਤੀ ਦੇ ਤਹਿਤ ਆਉਣ ਵਾਲੇ ਖੇਤਰ ਨੂੰ 25,000 ਏਕੜ ਤੋਂ ਵਧਾ ਕੇ 1 ਲੱਖ ਏਕੜ ਤੱਕ ਕਰਨ ਦਾ ਟੀਚਾ ਰੱਖਿਆ ਹੈ। ਉਨ੍ਹਾਂ ਨੇ ਜੋਰ ਦੇ ਕੇ ਕਿਹਾ ਕਿ ਇਸ ਸਿਸਟਮ ਨਾਲ ਨਾ ਸਿਰਫ ਮਨੁੱਖ ਸਿਹਤ ਨੂੰ ਰਸਾਇਨਿਕ ਮੁਕਤ ਭੋਜਨ ਮਿਲੇਗਾ, ਸਗੋ ਪਸ਼ੂਆਂ ਲਈ ਪੋਸ਼ਟਿਕ ਚਾਰਾਂ ਵੀ ਉਪਲਬਧ ਹੋਵੇਗਾ ਅਤੇ ਬੀਮਾਰੀਆਂ ਦੀ ਦਰ ਵਿਚ ਕਮੀ ਆਵੇਗੀ। ਉਨ੍ਹਾਂ ਨੇ ਕੁਦਰਤੀ ਖੇਤੀ ਦੇ ਡਾਇਦਿਆਂ 'ਤੇ ਚਾਨਣ ਪਾਉਂਦੇ ਹੋਏ ਕਿਹਾ ਕਿ ਇਸ ਸਿਸਟਮ ਵਿਚ ਰਸਾਇਨਿਕ ਖਾਦ ਅਤੇ ਕੀਟਨਾਸ਼ਕਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ, ਸਗੋ ਕੁਦਰਤੀ ਸਰੋਤਾਂ ਅਤੇ ਲਾਭਕਾਰੀ ਕੀਟਨਾਸ਼ਕਾਂ ਸੂਖਮਜੀਵਾਂ ਦੇ ਜਰਿਏ ਖੇਤੀ ਕੀਤੀ ਜਾਂਦੀ ਹੈ। ਇਹ ਵਾਤਾਵਰਣ ਅਨੁਕੂਲ ਵਿਧੀ ਹੈ, ਜੋ ਖੇਤੀ ਦੀ ਲਾਗਤ ਨੂੰ ਘੱਟ ਕਰਨ ਦੇ ਨਾਲ-ਨਾਲ ਕਿਸਾਨਾਂ ਅਤੇ ਵਾਤਾਵਰਣ ਦੋਵਾਂ ਲਈ ਫਾਇਦੇਮੰਦ ਹੈ।

ਇੱਕ ਸੁਆਲ ਦੇ ਜਵਾਬ ਵਿਚ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸਾਲ 2014 ਵਿਚ ਕਿਸਾਨਾਂ ਦੀ ਸਰੋਂ, ਕਣਕ ਅਤੇ ਝੋਨਾ ਦੀ ਫਸਲਾਂ ਤੋਂ ਜੋ ਆਮਦਨੀ ਹੁੰਦੀ ਸੀ, ਉਹ 2024 ਤੱਕ ਦੁਗਣੀ ਹੋ ਗਈ ਹੈ। ਉਨ੍ਹਾਂ ਨੇ ਇਸ ਉਪਲਬਧੀ ਦਾ ਕ੍ਰੇਡਿਟ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਲਏ ਗਏ ਮਹਤੱਵਪੂਰਣ ਫੈਸਲਿਆਂ ਨੂੰ ਦਿੱਤਾ।

ਕੈਬੀਨੇਟ ਮੰਤਰੀ ਰਾਣਾ ਨੇ ਦਸਿਆ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੇਂਦਰ ਸਰਕਾਰ ਨੂੰ ਪੱਤਰ ਲਿੱਖ ਕੇ ਜਰੂਰੀ ਖੇਤੀਬਾੜੀ ਯੰਤਰਾਂ 'ਤੇ ਸਬਸਿਡੀ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ, ਹਰਿਆਣਾ ਸਰਕਾਰ ਨੇ ਹਾਲ ਹੀ ਵਿਚ ਬਜਟ ਸੈਸ਼ਨ ਦੌਰਾਨ ਕਿਸਾਨ ਦੇ ਹਿੱਤ ਵਿਚ ਕਈ ਮਹਤੱਵਪੂਰਣ ਬਿੱਲ ਪਾਸ ਕੀਤੇ ਹਨ।

ਹਰਿਆਣਾਂ ਸਿਹਤ ਹੈਲਪਲਾਇਨ ਟੋਲ ਫਰੀ ਨੰਬਰ 104 ਦੀ ਸ਼ੁਰੂਆਤ

ਚੰਡੀਗੜ੍ਹ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਦੀ ਲੋਕਾਂ ਨੂੰ ਆਨਲਾਇਨ ਸਿਵਲ ਸੇਵਾਵਾਂ ਉਪਲਬਧ ਕਰਵਾਉਣ ਦੀ ਪ੍ਰਤੀਬੱਧਤਾ ਦੀ ਲੜੀ ਵਿਚ ਹਰਿਆਣਾ ਸਿਹਤ ਵਿਭਾਗ ਨੇ ਵੱਡੀ ਪਹਿਲ ਕਰਦੇ ਹੋਏ ਡਾਕਟਰ ਨਾਲ ਮਿਲਣ ਦਾ ਸਮੇਂ ਲੈਣ ਲਈ ਟੋਲ ਫਰੀ ਨੰਬਰ ਡਾਇਲ 104 ਦੀ ਸਹੂਲਤ ਉਪਲਬਧ ਕਰਵਾਈ ਹੈ।

ਸਿਹਤ ਅਤੇ ਮੈਡੀਕਲ ਸਿਖਿਆ ਮੰਤਰੀ ਸੁਸ੍ਰੀ ਆਰਤੀ ਸਿੰਘ ਰਾਓ ਨੇ ਇਸ ਪੋਰਟਲ ਦੀ ਸ਼ੁਰੂਆਤ ਅੱਜ ਪੰਚਕੂਲਾ ਦੇ ਸੈਕਟਰ-1 ਸਥਿਤ ਰੇਸਟ ਹਾਊਸ ਤੋਂ ਕੀਤਾ। ਇਸ ਦੇ ਬਾਅਦ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰਦੇ ਹੋਏ ਉਨ੍ਹਾਂ ਨੇ ਦਸਿਆ ਕਿ ਅੱਜ ਸਿਹਤ ਵਿਭਾਗ ਦੇ ਲਈ ਇੱਕ ਇਤਿਹਾਸਕ ਦਿਨ ਹੈ। ਸਿਹਤ ਮੰਤਰੀ ਨੇ ਦਸਿਆ ਕਿ ਸਿਹਤ ਸੇਵਾਵਾਂ ਨਾਲ ਸਬੰਧਿਤ ਸ਼ਿਕਾਇਤਾਂ ਨੂੰ ਵੀ ਇਸ ਪੋਰਟਲ 'ਤੇ ਦਰਜ ਕਰਵਾਇਆ ਜਾ ਸਕਦਾ ਹੈ। ਸ਼ਿਕਾਇਤਕਰਤਾ ਨੂੰ 5 ਦਿਨ ਦੇ ਅੰਦਰ-ਅੰਦਰ ਕਾਲਬੇਕ ਕੀਤੀ ਜਾਵੇਗੀ। ਇਸ ਪੋਰਟਲ 'ਤੇ ਦਵਾਈਆਂ ਦੇ ਬਾਰੇ ਵਿਚ ਜਾਣਕਾਰੀ ਲਈ ਜਾ ਸਕੇਗੀ। ਇਸ ਦੌਰਾਨ ਸੂਬੇ ਤੋਂ ਸਾਰੀ ਸੀਐਮਓ ਵੀਸੀ ਨਾਲ ਜੁੜੇ।

ਉਨ੍ਹਾਂ ਨੇ ਦਸਿਆ ਕਿ ਇਸ ਦਾ ਮੁੱਖ ਉਦੇਸ਼ ਸਿਵਲ ਹਸਪਤਾਲਾਂ ਵਿਚ ਲੋਕਾਂ ਨੂੰ ਲਾਇਨ ਵਿਚ ਲੱਗਣ ਤੋਂ ਬਚਾਉਣਾ ਹੈ। ਡਾਇਲ-104 'ਤੇ ਪਹਿਲਾਂ ਤੋਂ ਡਾਕਟਰ ਨਾਲ ਸਲਾਹ-ਮਸ਼ਵਰਾ ਲੈਣ ਦਾ ਸਮੇਂ ਲਿਆ ਜਾ ਸਕੇਗਾ।

ਇੱਕ ਸੁਆਲ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਹਸਪਤਾਲਾਂ ਵਿਚ ਸਿਹਤ ਕਰਮਚਾਰੀਆਂ ਦੀ ਸੁਰੱਖਿਆ ਲਈ ਵੀ ਜਰੂਰੀ ਕਦਮ ਚੁੱਕੇ ਜਾਣਗੇ। ਇੱਕ ਹੋਰ ਸੁਆਲ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਡਾਕਟਰਾਂ ਦੀ ਕਮੀ ਨੂੰ ਪੂਰਾ ਕੀਤਾ ਜਾ ਰਿਹਾ ਹੈ। ਹੁਣੀ ਹਾਲ ਹੀ ਵਿਚ 761 ਡਾਕਟਰਾਂ ਨੂੰ ਨਵੀਂ ਨਿਯੁਕਤੀ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਨੇ ਦਸਿਆ ਕਿ ਪਹਿਲਾਂ ਤੋਂ ਜਾਰੀ ਈ-ਟੇਲੀ ਮੈਡੀਸਨ ਸੇਵਾਵਾਂ ਨੂੰ ਵੀ ਇਸ ਦੇ ਨਾਲ ਏਕੀਕ੍ਰਿਤ ਕੀਤਾ ਜਾਵੇਗਾ। ਇੱਕ ਹੋਰ ਸੁਆਲ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਹਸਪਤਾਲਾਂ ਦੇ ਮੁਰੰਮਤ ਦੇ ਕੰਮ ਲਈ ਲੋਕ ਨਿਰਮਾਣ ਵਿਭਾਗ ਦੇ ਨਾਲ ਜਲਦੀ ਹੀ ਮੀਟਿੰਗ ਕਰਣਗੇ।

ਇਸ ਮੌਕੇ 'ਤੇ ਸਿਹਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ, ਡਾਇਰੈਕਟਰ ਜਨਰਲ ਸਿਹਤ ਸੇਵਾਵਾਂ ਡਾ. ਮਨੀਸ਼ ਬੰਸਲ, ਕੌਮੀ ਸਿਹਤ ਮਿਸ਼ਨ ਦੇ ਡਾਇਰੈਕਟਰ ਡਾ. ਵੀਰੇਂਦਰ ਯਾਦਵ, ਡਾ. ਕੁਲਦੀਪ ਸਿੰਘ ਤੇ ਵਿਭਾਗ ਦੇ ਹੋਰ ਅਧਿਕਾਰੀ ਮੌਜੂਦ ਸਨ।

ਢੋਸੀ ਹਿਲਸ ਦੀ ਤਲਹਟੀ ਵਿਚ ਮਨਾਇਆ ਵਿਸ਼ਵ ਫੋਰੇਸਟਰੀ ਦਿਵਸ

ਚੰਡੀਗੜ੍ਹ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਵਾਤਾਵਰਣ, ਵਨ ਅਤੇ ਜੰਗਲੀ ਜੀਵ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਭੋਜਨ, ਕਲਾਈਮੇਟ ਸੰਤੁਲਨ ਅਤੇ ਜੈਵ ਵਿਵਿਧਤਾ ਦੇ ਸਰੰਖਣ ਹੋਣ ਦੇ ਕਾਰਨ ਪੇੜ-ਪੌਧਿਆਂ ਸਾਡੇ ਜੀਵਨ ਦਾ ਆਧਾਰ ਹਨ। ਅਸੀਂ ਆਉਣ ਵਾਲੀ ਪੀੜ੍ਹੀਆਂ ਲਈ ਜੰਗਲਾਂ ਨੂੰ ਹੋਰ ਆਰਥਕ ਖੁਸ਼ਹਾਲ ਬਨਾਉਣਾ ਹੋਵੇਗਾ। ਇਸ ਦੇ ਲਈ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਇੱਕ ਪੇੜ ਮਾਂ ਦੇ ਨਾਂਅ ਮੁਹਿੰਤ ਨੂੰ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਚੱਲ ਰਹੀ ਹਰਿਆਣਾ ਸਰਕਾਰ ਬਖੂਬੀ ਢੰਗ ਨਾਲ ਅੱਗੇ ਵੱਧ ਰਹੀ ਹੈ।ਰਾਓ ਨਰਬੀਰ ਸਿੰਘ ਅੱਜ ਵਿਸ਼ਵ ਫੋਰੇਸਟਰੀ ਦਿਵਸ ਮੌਕੇ 'ਤੇ ਢੋਸੀ ਹਿਲਸ ਦੀ ਤਲਹਟੀ 'ਤੇ ਪ੍ਰਬੰਧਿਤ ਪ੍ਰੋਗਰਾਮ ਵਿਚ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ।

ਵਾਤਾਵਰਣ, ਵਨ ਅਤੇ ਜੰਗਲੀ ਜੀਵ ਮੰਤਰੀ ਨੇ ਕਿਹਾ ਕਿ ਹੁਣ ਤੱਕ ਵਨ ਸਰੰਖਣ ਨਹੀਂ ਹੋਣਗੇ ਤਾਂ ਸਾਡਾ ਜੀਵਨ ਵੀ ਸੁਰੱਖਿਅਤ ਨਹੀਂ ਰਹੇਗਾ। ਜੇਕਰ ਅਸੀਂ ਹੁਣ ਤੋਂ ਜਾਗਰੂਕ ਨਹੀਂ ਹੋਵਾਂਗੇ ਤਾਂ ਆਉਣ ਵਾਲੀ ਪੀੜ੍ਹੀਆਂ ਦੀ ਉਮਰ ਘੱਟ ਹੋ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਹਰੇਕ ਸ਼ੁੱਭ ਮੌਕੇ 'ਤੇ ਇੱਕ ਪੇੜ ਲਗਾ ਕੇ ਉਸ ਦੇ ਵੱਡੇ ਹੋਣ ਤੱਕ ਉਸਦੀ ਪੂਰੀ ਦੇਖਭਾਲ ਕਰਨੀ ਚਾਹੀਦੀ ਹੈ।

ਸ੍ਰੀ ਸਿੰਘ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਵਿਆਹ-ਸ਼ਾਦੀਆਂ ਵਿਚ ਕਾਰਡ ਦੇ ਚਲਣ ਨੂੰ ਬੰਦ ਕਰਨ। ਇਸ ਦੀ ਥਾਂ ਸਾਡੇ ਬਜੁਰਗਾਂ ਦੀ ਚਾਵਲ ਦੇਣ ਦੀ ਰਿਵਾਇਤ ਦੇ ਨਾਲ-ਨਾਲ ਡਿਜੀਟਲ ਕਾਰਡ ਭੇਜਣ। ਇਸ ਤੋਂ ਇਲਾਵਾ, ਉਨ੍ਹਾਂ ਨੇ ਪੋਲੀਥਿਨ ਦੀ ਵਰਤੋਂ ਨਾ ਕਰਨ ਦੀ ਵੀ ਅਪੀਲ ਕੀਤੀ।

ਉਨ੍ਹਾਂ ਨੇ ਕਿਹਾ ਕਿ ਇਤਿਹਾਸਿਕ ਕੰਮ ਕਰਦੇ ਹੋਏ ਹਰਿਆਣਾ ਸਰਕਾਰ ਨੇ ਇੱਕ ਅਨੋਖੀ ਯੋਜਨਾ ਸ਼ੁਰੂ ਕੀਤੀ ਹੈ, ਜਿਸ ਵਿਚ 75 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਪੇੜਾਂ ਦੀ ਦੇਖਭਾਲ ਕਰਨ ਵਾਲੀ ਵਿਅਕਤੀਆਂ ਨੂੰ ਹਰ ਸਾਲ ਤਿੰਨ ਹਜਾਰ ਰੁਪਏ ਦੀ ਆਰਥਕ ਸਹਾਇਤਾ ਦਿੱਤੀ ਜਾਵੇਗੀ। ਇਸ ਯੋਜਨਾ ਦਾ ਨਾਂਅ ਪ੍ਰਾਣ ਵਾਯੂ ਦੇਵਤਾ ਯੋਜਨਾ ਹੈ ਅਤੇ ਇਸ ਦਾ ਉਦੇਸ਼ ਪੇੜਾਂ ਦੀ ਕਟਾਈ ਨੂੰ ਰੋਕਨਾ ਅਤੇ ਵਾਤਾਵਰਣ ਸਰੰਖਣ ਨੂੰ ਪ੍ਰੋਤਸਾਹਨ ਦੇਣਾ ਹੈ।

ਉਨ੍ਹਾਂ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਅਰਾਵਲੀ ਦੀ ਪਹਾੜੀਆਂ ਨੂੰ ਬਚਾਉਣ ਲਈ ਅਰਾਵਲੀ ਗ੍ਰੀਨ ਵਾਲ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਅਰਾਵਲੀ ਗ੍ਰੀਨ ਯਾਤਰਾ ਦੀ ਵੀ ਸ਼ੁਰੂਆਤ ਕੀਤੀ ਜਾਵੇਗੀ। ਇਹ ਯੋਜਨਾ ਗੁਜਰਾਤ ਰਾਜਸਥਾਨ, ਹਰਿਆਣਾ ਅਤੇ ਦਿੱਲੀ ਵਿਚ ਵੀ ਲਾਗੂ ਕੀਤੀ ਜਾਵੇਗੀ। ਹਰਿਆਣਾ ਸਰਕਾਰ ਨੇ ਸੂਬੇ ਵਿਚ 53 ਹਰਬਲ ਪਾਰਕ ਬਣਾਏ ਹਨ ਜਿਨ੍ਹਾਂ ਵਿਚ ਵੱਖ-ਵੱਖ ਤਰ੍ਹਾ ਦੀ ਜੜੀ-ਬੂਟੀਆਂ ਤੋਂ ਇਲਾਵਾ ਮਹਤੱਵਪੂਰਣ ਪ੍ਰਜਾਤੀਆਂ ਦੇ ਪੇੜ ਲਗਾਏ ਗਏ ਹਨ।

ਉਨ੍ਹਾਂ ਨੇ ਕਿਹਾ ਕਿ ਰਾਜ ਵਿਚ ਇਕੋ ਟੂਰੀਜਮ ਨੂੰ ਪ੍ਰੋਤਸਾਹਨ ਦੇਣ ਲਈ ਪਿੰਜੌਰ ਤੋਂ ਕਲੇਸਰ ਤੱਕ ਇੱਕ ਨੈਚੁਰਲ ਰੇਲ ਬਣਾਈ ਗਈ, ਜਿਸ ਦੀ ਲੰਬਾਈ 153 ਕਿਲੋਮੀਟਰ ਹੈ ਅਤੇ ਦੂਜੇ ਪਾਸ ਅਰਾਵਲੀ ਖੇਤਰ ਵਿਚ ਗੁਰੂਗ੍ਰਾਮ ਅਤੇ ਨੂੰਹ ਦੀ ਪਹਾੜੀਆਂ ਵਿਚ ਸੰਸਾਰ ਦੀ ਸੱਭ ਤੋਂ ਵੱਡੀ ਜੰਗਲੀ ਸਫਾਰੀ ਅਰਾਵਲੀ ਸਫਾਰੀ ਪਾਰਕ ਬਨਾਉਣ ਦਾ ਐਲਾਨ ਕੀਤ ਅਿਗਾ ਹੈ।

ਹਰਿਆਣਾ ਦੇ ਮੁੱਖ ਸਕੱਤਰ ਨੇ ਉਦਯੋਗਾਂ ਲਈ ਅਨੁਪਾਲਣ ਬੋਝ ਅਤੇ ਰੈਗੂਲੇਸ਼ਨ ਨੂੰ ਘੱਟ ਕਰਨ 'ਤੇ ਜੋਰ ਦਿੱਤਾ

ਚੰਡੀਗੜ੍ਹ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਸੂਬੇ ਵਿਚ ਹੋਰ ਵੱਧ ਕਾਰੋਬਾਰ

ਪੁਲਸ ਹੱਥ ਲੱਗੀ ਵੱਡੀ ਸਫਲਤਾ, ਗੈਸ ਏਜੰਸੀ ਦੇ ਮੁਲਾਜ਼ਮ ਤੋਂ 31,000 ਰੁਪਏ ਲੁੱਟਣ ਵਾਲੇ 2 ਲੁਟੇਰੇ ਕਾਬੂ

ਏਜੰਸੀਆਂ

ਲੁਧਿਆਣਾ 25 ਮਾਰਚ। ਪੁਲਸ ਕਮਿਸ਼ਨਰ ਲੁਧਿਆਣਾ ਕੁਲਦੀਪ ਸਿੰਘ ਚਾਹਲ ਦੇ ਨਿਰਦੇਸ਼ਾਂ 'ਤੇ ਐਲਡੀਕੋ ਅਸਟੇਟ ਪੁਲਸ ਚੌਕੀ ਦੀ ਪੁਲਸ ਨੇ ਇਕ ਵੱਡੀ ਸਫਲਤਾ ਹਾਸਲ ਕਰਦੇ ਹੋਏ 10 ਦਿਨ ਪਹਿਲਾਂ ਗੈਸ ਏਜੰਸੀ ਦੇ ਮੁਲਾਜ਼ਮ ਤੋਂ ਹਥਿਆਰਾਂ ਦੀ

ਨੋਕ 'ਤੇ 31,000 ਰੁਪਏ ਲੁੱਟਣ ਵਾਲੇ 2 ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਐਲਡੀਕੋ ਅਸਟੇਟ ਪੁਲਸ ਚੌਕੀ ਦੇ ਇੰਚਾਰਜ ਸਬ-ਇੰਸਪੈਕਟਰ ਭਜਨ ਸਿੰਘ ਨੇ ਦੱਸਿਆ ਕਿ 9 ਮਾਰਚ ਨੂੰ ਐਲਡੀਕੋ ਅਸਟੇਟ ਨੇੜੇ ਗੈਸ ਏਜੰਸੀ ਦੇ ਮੁਲਾਜ਼ਮ ਅਮਰਜੀਤ ਯਾਦਵ ਆਪਣਾ ਗੈਸ ਸਿਲੰਡਰਾਂ ਨਾਲ ਭਰਿਆ ਹੋਇਆ ਟੈਂਪੂ ਲੈ ਕੇ ਆਪਣੇ ਗੋਦਾਮ ਵੱਲ ਜਾ ਰਿਹਾ ਸੀ। ਇਸ ਦੌਰਾਨ ਉਸ ਨੂੰ ਰਸਤੇ 'ਚ ਮੋਟਰਸਾਈਕਲ ਸਵਾਰ 2 ਲੁਟੇਰਿਆਂ ਨੇ ਹਥਿਆਰ ਦੀ ਨੋਕ 'ਤੇ ਰੋਕ ਕੇ ਉਸ ਤੋਂ 31 ਹਜ਼ਾਰ ਦੀ ਨਕਦੀ ਲੁੱਟ ਕੇ ਫਰਾਰ ਹੋ ਗਏ, ਜਿਸ ਤੋਂ ਬਾਅਦ ਪੁਲਸ ਨੇ ਉਕਤ ਮਾਮਲੇ 'ਤੇ ਕਾਰਵਾਈ ਕਰਦੇ ਹੋਏ ਅਣਪਛਾਤੇ ਲੁਟੇਰਿਆਂ ਖਿਲਾਫ ਲੁੱਟ ਦਾ ਕੇਸ ਦਰਜ ਕੀਤਾ ਸੀ। ਸਬ-ਇੰਸਪੈਕਟਰ ਭਜਨ ਸਿੰਘ ਨੇ ਦੱਸਿਆ ਕਿ ਜਿਸ ਤੋਂ ਬਾਅਦ ਪੁਲਸ ਨੇ ਉਕਤ ਮਾਮਲੇ 'ਤੇ ਕਾਰਵਾਈ ਕਰਦੇ ਹੋਏ ਗੈਸ ਏਜੰਸੀ ਦੇ ਮੁਲਾਜ਼ਮ ਨੂੰ ਲੁੱਟਣ ਵਾਲੇ 2 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਦੀ ਪਛਾਣ ਪੁਲਸ ਨੇ ਗਗਨਦੀਪ ਸਿੰਘ ਗਗਨ ਪੁੱਤਰ ਕੁਲਵੰਤ ਸਿੰਘ ਵਾਸੀ ਚੰਦਰ ਲੋਕ ਕਾਲੋਨੀ, ਟਿੱਬਾ ਅਤੇ ਸਤਨਾਮ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਜੈਨ ਕਾਲੋਨੀ ਰਾਹੋਂ ਰੋਡ, ਜੋਧੇਵਾਲ ਵਜੋਂ ਕੀਤੀ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ ਇਕ ਮੋਟਰਸਾਈਕਲ ਅਤੇ ਇਕ ਦਾਤਰ ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅੱਜ ਪੁਲਸ ਨੇ ਦੋਵੇਂ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ 2 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ ਤਾਂ ਕਿ ਮੁਲਜ਼ਮਾਂ ਤੋਂ ਹੋਰਨਾਂ ਵਾਰਦਾਤਾਂ ਸਬੰਧੀ ਪੁੱਛਗਿੱਛ ਕੀਤੀ ਜਾ ਸਕੇ, ਜਿਸ ਦਾ ਖੁਲਾਸਾ ਪੁਲਸ ਆਉਣ ਵਾਲੇ ਦਿਨਾਂ 'ਚ ਕਰ ਸਕਦੀ ਹੈ।

ਸਰਕਾਰੀ ਸਕੂਲਾਂ 'ਚ ਬੱਚਿਆਂ ਦਾ ਦਾਖਲਾ ਵਧਾਉਣ ਲਈ ਮੰਤਰੀ ਹਰਜੋਤ ਬੈਂਸ ਨੇ ਵਿੱਢੀ ਖ਼ਾਸ ਮੁਹਿੰਮ

ਸਰਦੂਲ ਸਿੰਘ

ਚੰਡੀਗੜ੍ਹ 25 ਮਾਰਚ। ਸੂਬੇ ਵਿੱਚ ਦਾਖਲਾ ਮੁਹਿੰਮ ਨੂੰ ਹੋਰ ਤੇਜ਼ ਕਰਨ ਦੇ ਉਦੇਸ਼ ਨਾਲ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਫੇਜ਼-2, ਐੱਸ.ਏ.ਐੱਸ. ਨਗਰ ਵਿਖੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਨੂੰ ਵਧਾਉਣ ਸਬੰਧੀ ਸੂਬਾ ਪੱਧਰੀ ਮੁਹਿੰਮ ਦੀ ਸ਼ੁਰੂਆਤ ਕੀਤੀ। ਬੈਨਰਾਂ ਅਤੇ ਲਾਊਡਸਪੀਕਰਾਂ ਵਾਲੀ ਵੈਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਉਪਰੰਤ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਸ ਮੁਹਿੰਮ ਦੀ ਵਿਆਪਕ ਪਹੁੰਚ ਨੂੰ ਯਕੀਨੀ ਬਣਾਉਣ ਲਈ 23 ਵੈਨਾਂ ਪੰਜਾਬ ਭਰ ਦੇ ਸਾਰੇ 228 ਵਿਦਿਅਕ ਬਲਾਕਾਂ ਵਿੱਚ ਜਾਣਗੀਆਂ। ਇਸ ਨਾਲ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਵਧਾਉਣ ਵਿੱਚ ਕਾਫੀ ਮਦਦ ਮਿਲੇਗੀ। ਉਨ੍ਹਾਂ ਨੇ ਵਿਭਾਗ ਦੇ ਪ੍ਰੀ-ਪ੍ਰਾਇਮਰੀ ਸਕੂਲਾਂ ਵਿੱਚ 10 ਫ਼ੀਸਦੀ ਦਾਖਲਾ ਵਧਾਉਣ ਸਬੰਧੀ ਟੀਚੇ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ, ਸੂਬੇ ਦੇ 13,100 ਪ੍ਰੀ-ਪ੍ਰਾਇਮਰੀ ਸਕੂਲਾਂ ਵਿੱਚ 3.51 ਲੱਖ ਤੋਂ ਵੱਧ ਵਿਦਿਆਰਥੀ ਦਾਖਲ ਹੋਏ ਸਨ। ਸਕੂਲ ਸਿੱਖਿਆ ਮੰਤਰੀ ਨੇ ਕਿਹਾ ਕਿ ਇਹ ਦਾਖਲਾ ਮੁਹਿੰਮ ਸਕੂਲ ਨਾ ਜਾਣ ਵਾਲੇ ਬੱਚਿਆਂ ਦੀ ਪਛਾਣ ਕਰਨ, ਸਰਕਾਰੀ ਸਕੂਲਾਂ ਵਿੱਚ ਦਾਖਲਿਆਂ ਨੂੰ ਉਤਸ਼ਾਹਿਤ ਕਰਨ ਅਤੇ ਸਿੱਖਿਆ ਤੱਕ ਸਾਰਿਆਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਭਾਈਚਾਰਕ ਸ਼ਮੂਲੀਅਤ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਏਗੀ। ਇਸ ਮੁਹਿੰਮ ਵਿੱਚ ਸਥਾਨਕ ਵਿਧਾਇਕ, ਡਿਪਟੀ ਕਮਿਸ਼ਨਰ, ਐੱਸ.ਡੀ.ਐੱਮ., ਸਥਾਨਕ ਜਨਤਕ ਸ਼ਖਸੀਅਤਾਂ, ਸਕੂਲ ਪ੍ਰਬੰਧਨ ਕਮੇਟੀਆਂ (ਐੱਸ.ਐੱਮ.ਸੀ.) ਦੇ ਮੈਂਬਰ, ਪੰਚਾਇਤਾਂ ਅਤੇ ਸਾਰੇ ਸਕੂਲ ਮੁਖੀ

ਹਿੱਸਾ ਲੈਣਗੇ। ਉਨ੍ਹਾਂ ਅੱਗੇ ਕਿਹਾ ਕਿ ਮੁਹਿੰਮ ਦਾ ਮੁੱਖ ਉਦੇਸ਼ ਮਾਪਿਆਂ ਅਤੇ ਭਾਈਚਾਰੇ ਵਿੱਚ ਸਿੱਖਿਆ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉਣ ਲਈ ਉਤਸ਼ਾਹਿਤ ਕਰਨਾ ਹੈ। ਸਕੂਲ ਸਿੱਖਿਆ ਵਿਭਾਗ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਇਸ ਸਾਲ ਸਰਕਾਰੀ ਸਕੂਲਾਂ ਦੇ 189 ਵਿਦਿਆਰਥੀਆਂ ਨੇ ਜੇ.ਈ.ਈ. ਮੇਨਜ਼ ਪ੍ਰੀਖਿਆ ਪਾਸ ਕੀਤੀ ਹੈ। ਇਹ ਸ਼ਲਾਘਾਯੋਗ ਪ੍ਰਾਪਤੀ ਸਰਕਾਰੀ ਸਕੂਲਾਂ ਵਿੱਚ ਪ੍ਰਦਾਨ ਕੀਤੀ ਜਾ ਰਹੀ ਮਿਆਰੀ ਸਿੱਖਿਆ ਦਾ ਪ੍ਰਮਾਣ ਹੈ। ਉਨ੍ਹਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੰਦਿਆਂ ਉਨ੍ਹਾਂ ਅਧਿਆਪਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਸਫਲ ਬਣਾਉਣ ਵਿੱਚ ਮਦਦ ਕੀਤੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿਛਲੇ 3 ਸਾਲਾਂ ਦੌਰਾਨ ਸਕੂਲ ਸਿੱਖਿਆ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕੀਤੀਆਂ ਗਈਆਂ ਪਹਿਲਕਦਮੀਆਂ ਨੂੰ ਉਜਾਗਰ ਕਰਦਿਆਂ ਬੈਂਸ ਨੇ ਦੱਸਿਆ ਕਿ ਸਾਰੇ ਸਰਕਾਰੀ ਸਕੂਲਾਂ ਵਿੱਚ ਵਾਈ-ਫਾਈ ਇੰਟਰਨੈੱਟ ਕੁਨੈਕਸ਼ਨ, ਫਰਨੀਚਰ, ਲੜਕੇ ਅਤੇ ਲੜਕੀਆਂ ਲਈ ਵੱਖਰੇ ਪਖਾਨਿਆਂ ਤੋਂ ਇਲਾਵਾ ਸਾਰੇ ਸਕੂਲ ਆਫ ਐਮੀਨੈਂਸ ਅਤੇ ਲੜਕੀਆਂ ਦੇ 17 ਸਕੂਲਾਂ ਲਈ ਬੱਸ ਸਹੂਲਤ ਸ਼ੁਰੂ ਕਰਨ ਸਮੇਤ ਸਾਰੀਆਂ ਜ਼ਰੂਰੀ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 10,000 ਤੋਂ ਵੱਧ ਨਵੇਂ ਕਲਾਸਰੂਮ ਬਣਾਏ ਗਏ ਹਨ ਅਤੇ 6,000 ਕਲਾਸਰੂਮਾਂ ਦਾ ਨਵੀਨੀਕਰਨ ਕੀਤਾ ਗਿਆ ਹੈ। ਇਸ ਤੋਂ ਇਲਾਵਾ 8,000 ਸਰਕਾਰੀ ਸਕੂਲਾਂ ਵਿੱਚ 1,300 ਕਿਲੋਮੀਟਰ ਲੰਬੀਆਂ ਚਾਰਦੀਵਾਰੀਆਂ ਬਣਾਈਆਂ ਗਈਆਂ ਹਨ। ਇਸ ਮੌਕੇ ਐੱਸ.ਸੀ.ਈ.ਆਰ.ਟੀ. ਦੀ ਡਾਇਰੈਕਟਰ ਅਮਨਿੰਦਰ ਕੌਰ ਬਰਾੜ, ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪਰਮਜੀਤ ਸਿੰਘ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਕਲਯੁਗੀ ਪਿਓ ਨੇ ਆਪਣੀ ਹੀ ਧੀ ਨਾਲ ਕੀਤੀ ਗੰਦੀ ਕਰਤੂਤ, ਹੁਣ ਅਦਾਲਤ ਨੇ ਦਿੱਤੀ ਮਿਸਾਲੀ ਸਜ਼ਾ

ਜਲਾਲਾਬਾਦ 25 ਮਾਰਚ। ਫਾਜ਼ਿਲਕਾ 'ਚ ਇੱਕ ਕਲਯੁਗੀ ਪਿਤਾ ਵੱਲੋਂ ਆਪਣੀ ਹੀ ਧੀ ਨਾਲ ਜਬਰ ਜਨਾਹ ਕਰ ਕੇ ਉਸ ਨੂੰ ਗਰਭਵਤੀ ਕਰਨ ਦੇ ਮਾਮਲੇ ਵਿੱਚ ਫਾਜ਼ਿਲਕਾ ਦੀ ਮਾਨਯੋਗ ਫਾਸਟ ਟਰੈਕ ਅਦਾਲਤ ਨੇ ਦੋਸ਼ੀ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਹੈ। ਇਹ ਜਾਣਕਾਰੀ ਸਰਕਾਰੀ ਵਕੀਲ ਸ਼ਿਖਾ ਢੱਲ ਨੇ ਦਿੱਤੀ। ਸ਼ਿਖਾ ਢੱਲ ਨੇ ਦੱਸਿਆ ਕਿ ਫਾਜ਼ਿਲਕਾ 'ਚ ਇੱਕ ਪਿਤਾ ਨੇ ਆਪਣੀ ਹੀ ਧੀ ਨਾਲ ਜਬਰ-ਜਨਾਹ ਕਰ ਕੇ ਉਸ ਨੂੰ ਗਰਭਵਤੀ ਕਰ ਦਿੱਤਾ। ਦੋਸ਼ੀ ਵਿਰੁੱਧ ਫਾਜ਼ਿਲਕਾ 'ਚ ਐੱਫ.ਆਈ.ਆਰ. ਦਰਜ ਕੀਤੀ ਗਈ ਸੀ। ਇਸ ਗਿਨੌਣੇ ਅਪਰਾਧ ਦੀ ਸੁਣਵਾਈ ਫਾਸਟ ਟਰੈਕ ਅਦਾਲਤ 'ਚ ਹੋਈ, ਜਿੱਥੇ ਸਰਕਾਰ ਦੀ ਵਕੀਲ ਸ਼ਿਖਾ ਢੱਲ ਨੇ ਮਾਮਲੇ ਦੀ ਪੈਰਵੀ ਕੀਤੀ। ਸਰਕਾਰੀ ਵਕੀਲ ਦੀਆਂ ਦਲੀਲਾਂ ਨੂੰ ਸੁਣਨ ਤੋਂ ਬਾਅਦ ਮਾਨਯੋਗ ਜੱਜ ਤਰਨਤਾਰਨ ਸਿੰਘ

ਬਿੰਦਰਾ ਦੀ ਅਦਾਲਤ ਨੇ ਦੋਸ਼ੀ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਅਤੇ ਉਸ 'ਤੇ ਇੱਕ ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ। ਮੈਡਮ ਸ਼ਿਖਾ ਢੱਲ ਨੇ ਕਿਹਾ ਕਿ ਇਹ ਮਾਮਲਾ ਸਮਾਜ 'ਚ ਨੈਤਿਕਤਾ ਅਤੇ ਮਨੁੱਖੀ ਮੁੱਲਾਂ ਦੇ ਪਤਨ ਨੂੰ ਦਰਸਾਉਂਦਾ ਹੈ। ਅਜਿਹੇ ਗਿਨੌਣੇ ਅਪਰਾਧਾਂ ਖਿਲਾਫ਼ ਸਖ਼ਤ ਕਾਰਵਾਈ ਅਤੇ ਤੁਰੰਤ ਨਿਆਂ ਦੀ ਲੋੜ ਹੈ, ਤਾਂ ਜੋ ਸਮਾਜ 'ਚ ਅਜਿਹੇ ਅਪਰਾਧੀਆਂ ਲਈ ਇੱਕ ਸਪਸ਼ਟ ਸੁਨੇਹਾ ਜਾਵੇ ਕਿ ਅਜਿਹੀਆਂ ਕਰਤੂਤਾਂ ਬਿਲਕੁਲ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਉੱਧਰ ਮਾਨਯੋਗ ਅਦਾਲਤ ਦੇ ਫੈਸਲੇ ਤੋਂ ਪੀੜਤਾ ਅਤੇ ਉਸ ਦੇ ਪਰਿਵਾਰ ਨੇ ਸੰਤੋਸ਼ ਜਾਹਿਰ ਕੀਤਾ ਹੈ।

ਹਾਈਵੇਅ ਬੰਦ ਹੋਣ ਕਾਰਨ ਪੰਜਾਬ ਨੂੰ ਹੋ ਰਿਹਾ ਹੈ ਵੱਡਾ ਨੁਕਸਾਨ: ਤਰੁਨਪ੍ਰੀਤ ਸੋਂਧ

ਕਿਸ਼ਨ ਪਾਲ

ਚੰਡੀਗੜ੍ਹ 25 ਮਾਰਚ। ਪੰਜਾਬ ਦੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੇ ਰਾਜ ਭਰ ਦੇ ਹਾਈਵੇਅ ਬੰਦ ਹੋਣ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਇਸ ਨਾਲ ਹੋਣ ਵਾਲੇ ਆਰਥਿਕ ਨੁਕਸਾਨ 'ਤੇ ਜ਼ੋਰ ਦਿੱਤਾ ਹੈ। ਸੌਂਧ ਨੇ ਕਿਸਾਨਾਂ ਲਈ ਪੰਜਾਬ ਸਰਕਾਰ ਦੇ ਅਟੁੱਟ ਸਮਰਥਨ 'ਤੇ ਚਾਨਣਾ ਪਾਇਆ, ਨਾਲ ਹੀ ਉਨ੍ਹਾਂ ਨੂੰ ਪੰਜਾਬ ਦੇ ਵਿਕਾਸ ਨੂੰ ਨੁਕਸਾਨ ਪਹੁੰਚਾਏ ਬਿਨਾਂ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਰਣਨੀਤਕ ਪਹੁੰਚ ਬਣਾਉਣ ਦੀ ਅਪੀਲ ਕੀਤੀ। ਮੰਤਰੀ ਸੌਂਧ ਨੇ ਕਿਹਾ ਕਿ ਇੱਕ ਸਾਲ ਤੋਂ ਵੱਧ ਸਮੇਂ ਤੋਂ ਪੰਜਾਬ ਦੀਆਂ ਸਰਹੱਦਾਂ ਅਤੇ ਕੌਮੀ ਮਾਰਗਾਂ ਦੇ ਬੰਦ ਹੋਣ ਨਾਲ ਸੂਬੇ ਨੂੰ ਭਾਰੀ ਆਰਥਿਕ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬੰਦ ਕਾਰਨ ਕਾਰੋਬਾਰ ਪ੍ਰਭਾਵਿਤ ਹੋਇਆ ਹੈ ਅਤੇ ਸੈਰ ਸਪਾਟਾ ਪ੍ਰਭਾਵਿਤ ਹੋਇਆ ਹੈ। ਪ੍ਰਵਾਸੀ ਭਾਰਤੀਆਂ ਅਤੇ ਇਲਾਕਾ ਨਿਵਾਸੀਆਂ ਸਮੇਤ ਯਾਤਰੀਆਂ ਨੂੰ ਵੀ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸੌਂਧ ਨੇ ਕਿਹਾ, "ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੇ ਸੰਘਰਸ਼ ਵਿੱਚ ਹਮੇਸ਼ਾ ਮੋਢੇ ਨਾਲ

ਮੋਢਾ ਜੋੜ ਕੇ ਖੜ੍ਹੀ ਹੈ, ਚਾਹੇ ਉਹ ਦਿੱਲੀ ਦੇ ਧਰਨੇ ਹੋਣ ਜਾਂ ਹੋਰ ਪ੍ਰਦਰਸ਼ਨ। ਸੌਂਧ ਨੇ ਦੱਸਿਆ ਕਿ ਕਿਵੇਂ ਹਾਈਵੇਅ ਦੇ ਬੰਦ ਹੋਣ ਨਾਲ ਵਪਾਰ ਵਿੱਚ ਅਤੇ ਨਿਵੇਸ਼ ਵਿੱਚ ਰੁਕਾਵਟ ਆਈ ਹੈ, ਜਿਸ ਨਾਲ ਪੰਜਾਬ ਰਾਸ਼ਟਰੀ ਸੰਪਰਕ ਤੋਂ ਟੁੱਟ ਗਿਆ ਹੈ। ਉਨ੍ਹਾਂ ਕਿਹਾ, "ਹਾਈਵੇਅ ਸਾਡੇ ਰਾਜ ਦੀ ਜੀਵਨ ਰੇਖਾ ਹਨ, ਇਨ੍ਹਾਂ ਦੇ ਬੰਦ ਹੋਣ ਨਾਲ ਵਪਾਰ ਅਤੇ ਵਪਾਰਕ ਗਤੀਵਿਧੀਆਂ ਠੱਪ ਹੋ ਗਈਆਂ ਹਨ, ਜਿਸ ਨਾਲ ਆਰਥਿਕ ਨੁਕਸਾਨ ਅਤੇ ਬੇਰੁਜ਼ਗਾਰੀ ਹੋਈ ਹੈ। ਸੌਂਧ ਨੇ ਹਾਈਵੇਅ ਬੰਦ ਹੋਣ ਦੇ ਮੁੱਦੇ ਨੂੰ ਪੰਜਾਬ ਵਿੱਚ ਵੱਧ ਰਹੀ ਬੇਰੁਜ਼ਗਾਰੀ ਅਤੇ ਨਸ਼ਿਆਂ ਨਾਲ ਵੀ ਜੋੜਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ, ÷ਉਦਯੋਗਿਕ ਨਿਵੇਸ਼ ਤੋਂ ਬਿਨਾਂ ਰੁਜ਼ਗਾਰ ਸਿਰਜਣਾ ਨਹੀਂ ਹੋ ਸਕਦਾ ਅਤੇ ਨੌਕਰੀਆਂ ਤੋਂ ਬਿਨਾਂ ਸਾਡੇ ਨੌਜਵਾਨ ਨਕਾਰਾਤਮਕ ਚੀਜ਼ਾਂ ਵੱਲ ਆਕਰਸ਼ਿਤ ਹੋਣਗੇ। ਪੰਜਾਬ ਦੀ ਤਰੱਕੀ ਲਈ ਰਾਜ ਮਾਰਗਾਂ ਨੂੰ ਖੋਲ੍ਹਣਾ ਜ਼ਰੂਰੀ ਹੈ।÷ ਮੰਤਰੀ ਨੇ ਕਿਸਾਨਾਂ ਨੂੰ ਭਾਵੁਕ ਅਪੀਲ ਕੀਤੀ ਅਤੇ ਕੇਂਦਰੀ ਪੱਧਰ 'ਤੇ ਆਪਣੀ ਲੜਾਈ ਜਾਰੀ ਰੱਖਦੇ ਹੋਏ ਹਾਈਵੇਅ ਖੋਲ੍ਹਣ ਦੀ ਅਪੀਲ ਕੀਤੀ। ਉਨ੍ਹਾਂ ਪੰਜਾਬ ਸਰਕਾਰ ਦੇ ਪੂਰਨ ਸਹਿਯੋਗ ਦਾ ਭਰੋਸਾ ਦਿੰਦਿਆਂ ਕਿਹਾ ਕਿ ਆਓ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਰਲ ਕੇ ਕੰਮ ਕਰੀਏ, ਕੇਂਦਰ ਸਰਕਾਰ ਵਿਰੁੱਧ ਆਪਣੀਆਂ ਮੰਗਾਂ ਦੀ ਪੂਰਤੀ ਲਈ ਇਕਜੁੱਟ ਹੋ ਕੇ ਚੱਲੀਏ।

ਪੰਜਾਬ ਪੁਲਸ ਵੱਲੋਂ ਐਨਕਾਊਂਟਰ, ਦੁਬਈ ਤਕ ਜੁੜੇ ਮੁਲਜ਼ਮਾਂ ਦੇ ਤਾਰ

ਤਰਨਤਾਰਨ 25 ਮਾਰਚ। ਤਰਨਤਾਰਨ ਪੁਲਸ ਨੇ ਇਕ ਨਸ਼ੀਲੇ ਪਦਾਰਥ ਅਤੇ ਹਵਾਲਾ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਹੈ। ਇਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਟਵੀਟ ਕਰਕੇ ਸਾਂਝੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਨਸ਼ੀਲੇ ਪਦਾਰਥਾਂ ਦੀ ਵਿੱਤ ਪੋਸ਼ਣ ਵਿਰੁੱਧ ਇੱਕ ਫੈਸਲਾਕੁੰਨ ਕਾਰਵਾਈ 'ਚ ਤਰਨਤਾਰਨ ਪੁਲਸ ਨੇ ਇੱਕ ਨਸ਼ੀਲੇ ਪਦਾਰਥ ਅਤੇ ਹਵਾਲਾ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਹੈ। ਜਿਸ ਦੇ ਨਤੀਜੇ ਵਜੋਂ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਗੈਰ-ਕਾਨੂੰਨੀ ਹਥਿਆਰ, ਨਸ਼ੀਲੇ ਪਦਾਰਥ ਅਤੇ ਨਕਦੀ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਕਾਰਵਾਈ 'ਚ ਮੁਲਜ਼ਮਾਂ ਵੱਲੋਂ ਪੁਲਸ

ਪਾਰਟੀ 'ਤੇ ਗੋਲੀਬਾਰੀ ਕੀਤੀ, ਜਿਸ ਤੋਂ ਬਾਅਦ ਪੁਲਸ ਨੇ ਵੀ ਤੁਰੰਤ ਜਵਾਬੀ ਕਾਰਵਾਈ ਕੀਤੀ। ਜਿਸ 'ਤੇ ਸਵੈ-ਰੱਖਿਆ 'ਚ ਦੋ ਮੁਲਜ਼ਮਾਂ ਦੀਆਂ ਲੱਤਾਂ ਵਿਚ ਗੋਲੀਆਂ ਲੱਗੀਆਂ ਅਤੇ ਉਨ੍ਹਾਂ ਨੂੰ ਤੁਰੰਤ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ ਗਈ। ਇਸ ਤੋਂ ਬਾਅਦ ਦੀ ਜਾਂਚ ਦੇ ਨਤੀਜੇ ਵਜੋਂ ਦੁਬਈ ਸਥਿਤ ਡਰੱਗ ਕਾਰਟੈਲ ਨਾਲ ਜੁੜੇ ਹਵਾਲਾ ਲੈਣ-ਦੇਣ ਦੇ ਮੁੱਖ ਮਾਸਟਰਮਾਈਂਡ ਇਕਬਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਡੀ. ਜੀ. ਪੀ ਨੇ ਦੱਸਿ